# ਗਦਰ ਲਹਿਰ

ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ

ਵੀਹਵੀਂ ਸਦੀ ਦੇ ਸ਼ੁਰੂ ਸਾਲਾਂ ਦੌਰਾਨ ਕੈਨੇਡਾ ਦੇ ਪੱਛਮੀ ਸਾਹਿਲ ਸਥਿਤ ਬ੍ਰਿਟਿਸ਼ ਕੋਲੰਬੀਆ ਅਤੇ ਅਮਰੀਕਾ ਦੇ ਕੈਲੇਫੋਰਨੀਆ ਵਰਗੇ ਇਲਾਕਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਕਿਸਾਨ, ਜਿਨ੍ਹਾਂ ਵਿੱਚ ਭਾਰੀ ਬਹੁਗਿਣਤੀ ਸਿੱਖਾਂ ਦੀ ਸੀ, ਰੋਟੀ ਰੋਜੀ ਦੀ ਭਾਲ ਵਿੱਚ ਡਾਲੇ ਕਮਾਉਣ ਲਈ ਜਾ ਆਬਾਦ ਹੋਏ। ਇਹਨਾਂ ਵਿੱਚ ਕਈ ਪੁਰਾਣੇ ਫੌਜੀ ਵੀ ਸਨ। ਮਾਮੂਲੀ ਤਾਲੀਮ, ਤਕੜੇ ਸਰੀਰ ਤੇ ਹਠੀਲੇ ਸੁਭਾਅ ਵਾਲੇ ਇਹਨਾਂ ਸਿਰੜੀਆਂ ਨੇ ਤਾਕਤ ਤੇ ਜੋਖਮ ਵਾਲੇ ਕੰਮਾਂ ਨੂੰ ਤਰਜੀਹ ਦਿੱਤੀ, ਕਿਉਂਕਿ ਉਹਦੇ ਵਿੱਚ ਕੁਝ ਵਧੇਰੀ ਕਮਾਈ ਸੀ। ਕਈਆਂ ਨੇ ਤਾਂ ਜਮੀਨਾਂ ਠੇਕੇ-ਪਟੇ ਤੇ ਲੈ ਕੇ ਵਾਹੀ ਜੋਤੀ ਵੀ ਵਿੱਢ ਲਈ।

ਤੇ ਕੀ ਇਹ ਇਕ ਮੁਹਜਜ਼ਾ ਹੀ ਨਹੀਂ ਸੀ ਕਿ ਅਜਿਹੇ, ਰਾਜਸੀ ਸੂਝ ਬੂਝ ਤੋਂ ਕੋਰੇ ਲੋਕੀਂ ਜੁਲਾਈ-ਅਗਸਤ 1914 ਨੂੰ ਜੰਗ ਛਿੜਣ ਵੇਲੇ ਗਦਰ ਪਾਰਟੀ ਦੀ ਲਲਕਾਰ "ਐਲਾਨੇ ਜੰਗ" ਤੇ ਆਪਣੇ ਖੂਨ ਪਸੀਨੇ ਨਾਲ ਜੁਟਾਏ ਡਾਲਿਆਂ ਨੂੰ ਲੱਤ ਮਾਰ ਕੇ, ਸੀਸ ਤਲੀ 'ਤੇ ਧਰ ਕੇ ਹਜ਼ਾਰਾਂ ਦੀ ਗਿਣਤੀ ਵਿੱਚ "ਗਦਰ" ਮਚਾਉਣ ਲਈ ਹਿੰਦ ਵੱਲ ਵਹੀਰਾਂ ਘੱਤ ਤੁਰੇ—

**"1857 ਦੇ ਗਦਰ ਨੂੰ 57 ਵਰ੍ਹੇ ਹੋ ਚੁੱਕੇ ਹਨ, ਇਕ ਹੋਰ ਬਗਾਵਤ ਦੀ ਸਖ਼ਤ ਜ਼ਰੂਰਤ ਹੈ।"**

ਅੱਜ (5-8-1914) ਅਸੀਂ ਅੰਗੇਰਜ਼ ਰਾਜ ਦੇ ਖਿਲਾਫ ਯੁਧ ਸ਼ੁਰੂ ਕਰ ਰਹੇ ਹਾਂ।

**ਤੁਹਾਡਾ ਨਾਅਰਾ ਕੀ ਹੈ? "ਗਦਰ"**

**ਤੁਹਾਡਾ ਕੰਮ ਕੀ ਹੈ? "ਗਦਰ"**

ਤੇ ਜਦੋਂ ਇਹਨਾਂ ਪ੍ਰਦੇਸੀਆਂ ਦੇ ਉਥੇ ਰਹਿੰਦਿਆਂ ਕਸ਼ਟ, ਮਿਹਨੇ ਤੇ ਨਿਰਾਦਰੀ ਭਰੇ ਮਾਹੌਲ ਵਿੱਚ ਕੁਰਲਾਹਟ ਤੇ ਨਿਰਾਸ਼ਾ ਵਲ ਧਿਆਨ ਕਰੀਏ, ਤਾਂ ਫਿਰ ਇਹ ਹੰਭਲਾ ਹੋਰ ਵੀ ਅਚੰਭੇ ਵਾਲਾ ਨਜ਼ਰ ਆਵੇਗਾ। ਜਿਵੇਂ—

**"ਦੇਸ਼ ਪੈਣ ਧੱਕੇ ਪ੍ਰਦੇਸ ਮਿਲੇ ਢੋਈ ਨਾ।**

**ਸਾਡਾ ਪ੍ਰਦੇਸੀਆਂ ਦਾ ਦੇਸ਼ ਕੋਈ ਨਾ।"**

ਸਾਲ ਚੜ੍ਹਿਆ 1907, ਤੇ ਅੰਗਰੇਜ਼ ਹਾਕਮਾਂ ਨੇ ਤਾਕਤ ਦੇ ਨਸ਼ੇ ਵਿੱਚ 1857 ਦੀ ਜਿੱਤ ਦੀ ਗੋਲਡਨ ਜੁਬਲੀ ਜਹੁ ਜਲਾਲ ਨਾਲ ਮਨਾਉਣ ਦਾ ਪ੍ਰਬੰਧ ਕੀਤਾ। ਜਿਸ ਦੌਰਾਨ ਉਨ੍ਹਾਂ ਨੇ ਆਪਣੇ ਆਗੂਆਂ ਨੂੰ 'ਹੀਰੋ' ਤੇ ਹਿੰਦੀ ਆਗੂਆਂ ਨੂੰ 'ਜੀਰੋ' ਸਿੱਧ ਕਰਨਾ ਚਾਹਿਆ। ਪਰ ਇਹੀ ਜਸ਼ਨ ਸਾਮਰਾਜ ਦੇ ਕਫਨ ਵਿੱਚ ਪਹਿਲਾ ਕਿੱਲ ਹੋ ਨਿਬੜਿਆ। ਸਰਕਾਰੀ ਢੋਲ ਢਮੱਕੇ ਨੇ ਇੰਗਲੈਂਡ ਰਹਿੰਦੇ ਪੰਜਾਬੀਆਂ ਖਾਸ ਕਰ ਨੌਜਵਾਨ ਵਿਦਿਆਰਥੀਆਂ ਦੀ ਅਣਖ ਨੂੰ ਵੰਗਾਰਿਆ ਤੇ ਸ਼ਯਾਮਜੀ ਕਿਸ਼ਨ ਵਰਮਾ ਦੀ ਅਗਵਾਈ ਹੇਠ ਲੰਡਨ ਵਿੱਚਾਂ ਇੰਡੀਆ ਹਾਊਸ ਦੀ ਸਥਾਪਨਾ ਕਰਕੇ 1907 ਨੂੰ ਹਿੰਦ ਦੀ ਪਹਿਲੀ ਜੰਗੇ ਆਜ਼ਾਦੀ ਦਾ ਜਸ਼ਨ ਮਨਾਉਣ ਦਾ ਫੈਸਲਾ ਕੀਤਾ। ਮਹੀਨਿਆਂ ਬੱਧੀ ਤਿਆਰੀਆਂ ਉਪਰੰਤ 10 ਮਈ 1907 ਨੂੰ ਭਰਪੂਰ ਇਕੱਠ ਕਰਕੇ ਆਪਣੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਪਣੇ ਆਪ ਨੂੰ ਆਜ਼ਾਦੀ ਦੀ ਲੜਾਈ ਲਈ ਸਮਰਪਤ ਕੀਤਾ—ਬੜੀਆਂ ਦਿਲ ਟੁੰਬਵੀਆਂ ਤਕਰੀਰਾਂ, ਕਵਿਤਾਵਾਂ, ਗੀਤਾਂ ਦੇ ਨਾਲ ਹੀ ਹਰਨਾਮ ਸਿੰਘ ਨਾਮੀ ਨੌਜਵਾਨ ਨੇ ਵਲਵਲੇ ਭਰੇ ਅੰਦਾਜ਼ ਵਿੱਚ ਸ਼ਬਦ ਅਲਾਪਿਆ—

**ਜਉ ਤਉ ਪ੍ਰੇਮ ਖੇਲਣ ਕਾ ਚਾਉ**

ਉਥੇ ਮੌਜੂਦ ਨੌਜਵਾਨਾਂ ਵਿੱਚ ਇਕ ਸਰਕਾਰ ਪਰਸਤ ਪਰਿਵਾਰ ਦੀ ਔਲਾਦ ਮਦਨ ਲਾਲ ਢੀਂਗਰਾ ਨਾਮੀ ਨੌਜਵਾਨ ਵੀ ਸੀ, ਜਿਸ ਨੇ ਦੋ ਸਾਲ ਪਿੱਛੋਂ ਇੱਕ ਬਦਨਾਮ ਅੰਗਰੇਜ਼ੀ ਏਜੰਟ ਕਰਜ਼ਨ ਵਾਇਲੀ ਨੂੰ 1-7-1909 ਨੂੰ ਇਕ ਸਮਾਗਮ ਵਿੱਚ ਮਾਰ ਕੇ ਭੱਜਣ ਦੀ ਬਜਾਏ ਆਪਣੇ ਮੰਤਵ-ਆਸ਼ੇ ਦੀ ਵਿਆਖਿਆ ਕਰਦਿਆਂ ਜ਼ੁਰਮ ਕਬੂਲਿਆ ਤੇ ਖੁਸ਼ੀ ਖੁਸ਼ੀ 17-8-1909 ਨੂੰ ਸ਼ਹੀਦੀ ਜਾਮ ਪੀਤਾ।

ਇਸੇ ਦੌਰਾਨ ਹੀ ਇਕ ਹਿੰਦੋਸਤਾਨੀ ਨੌਜਵਾਨ ਵੀਰ ਸਾਵਰਕਰ ਨੇ ਡੂੰਘੀ ਖੋਜ ਤੇ ਛਾਣ ਬੀਣ ਕਰਕੇ 1857 ਤੇ ਕਿਤਾਬ ਲਿਖੀ "ਹਿੰਦੋਸਤਾਨ ਦੀ ਪਹਿਲੀ ਜੰਗੇ ਆਜ਼ਾਦੀ" ਜੀਹਦੇ ਵਿੱਚੋਂ 'ਗਦਰ' ਅਖਬਾਰ ਵਿੱਚ ਲੜੀਵਾਰ ਪਾਠ ਪ੍ਰਕਾਸ਼ਿਤ ਹੁੰਦਾ ਰਿਹਾ ਤੇ ਇਹ ਰਚਨਾ ਦੇਸ਼ ਭਗਤਾਂ ਦੀ ਪ੍ਰੇਰਨਾ ਸ੍ਰੋਤ ਬਣੀ ਰਹੀ।

ਮੁਕਦੀ ਗੱਲ, ਜਿਹੜੇ ਗਦਰ ਦਾ ਸਦਾ ਲਈ ਮਲੀਆ ਮੇਟ ਕਰਨ ਹਿੱਤ ਅੰਗਰੇਜ਼ ਹਾਕਮਾਂ ਨੇ ਜਸ਼ਨ ਵਿੱਢੇ ਉਹੀ ਜਸ਼ਨ ਉਸ 'ਗਦਰੀ' ਭਾਵਨਾ ਨੂੰ ਸਦਾ ਲਈ ਚਿਰੰਜੀਵ ਕਰ ਗਿਆ।

## ਗਦਰ ਪਾਰਟੀ ਦਾ ਵਿਕਾਸ ਤੇ ਸਥਾਪਨਾ

ਇਤਿਹਾਸਕ ਘਟਨਾਵਾਂ ਅਚਨਚੇਤੀ ਵਾਪਰਦੀਆਂ ਨਜ਼ਰ ਭਾਵੇਂ ਆਉਣ ਪਰ ਅਸਲ ਵਿੱਚ ਇਨਕਲਾਬੀ ਤਬਦੀਲੀਆਂ ਵਿਗਸਤ ਹੁੰਦੀਆਂ ਹਨ, ਭਾਵੇਂ ਇਹਨਾਂ ਦਾ ਪ੍ਰਤੱਖ ਰੂਪ ਵਿੱਚ ਪ੍ਰਗਟਾਵਾ ਇੱਕ ਖਾਸ ਸਮੇਂ ਸਥਲ ’ਤੇ ਹੀ ਹੋਵੇ। ਰਸਮੀ ਤੌਰ ’ਤੇ ਗਦਰ ਪਾਰਟੀ ਦੀ ਸਥਾਪਨਾ ਹੋਈ 31-3-1913 ਨੂੰ ਤੇ ‘ਗਦਰ’ ਪਰਚੇ ਦੀ ਸ਼ੁਰੂਆਤ ਹੋਈ 1-11-1913 ਨੂੰ। ਇਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਵੈਸੇ “ਗਦਰ ਪਾਰਟੀ” ਨਾਂਅ ਦੀ ਕੋਈ ਜਥੇਬੰਦੀ ਹੋਂਦ ਵਿੱਚ ਆਈ ਹੀ ਨਹੀਂ ਸੀ। ਜਿਸ ਨੂੰ ਅਸੀਂ ਗਦਰ ਪਾਰਟੀ ਕਹਿ ਰਹੇ ਹਾਂ ਉਹਦਾ ਅਸਲੀ ਨਾਂਅ “ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ” ਸੀ, ਪਰ ਅਖਬਾਰ ਦਾ ਨਾਂ “ਗਦਰ” ਹੋਣ ਕਰਕੇ ’ਤੇ ਉਪਰੋਕਤ ਨਾਂਅ ਘੱਟ ਪੜ੍ਹੇ ਲਿਖੇ ਲੋਕਾਂ ਲਈ ਓਪਰਾ ਜਿਹਾ ਹੋਣ ਕਰਕੇ ਪਾਰਟੀ “ਗਦਰ ਪਾਰਟੀ” ਕਰਕੇ ਹੀ ਪ੍ਰਸਿੱਧ ਹੋ ਗਈ।

ਗੌਰਤਲਬ ਹੈ ਕਿ ਪਹਿਲੋ ਪਹਿਲ ਸਾਡੇ ਲੋਕੀਂ ਆਮ ਕਰਕੇ ਕੈਨੇਡਾ ਵਿੱਚ ਹੀ ਗਏ ਸੀ, ਜਿਥੇ 1907 ਦੌਰਾਨ ਉਹਨਾਂ ਦੇ ਦਾਖਲੇ ’ਤੇ ਸਖ਼ਤ ਪਾਬੰਦੀਆਂ ਲਾਗੂ ਹੋਣ ਪਿੱਛੋਂ ਫਿਰ ਹਿੰਦੀਆਂ ਨੇ ਅਮਰੀਕਾ ਵੱਲ ਨੂੰ ਮੂੰਹ ਕਰ ਲਿਆ। ਅਸਲ ਵਿੱਚ ਵਿਦਰੋਹੀ ਲਹਿਰ ਦਾ ਪਹਿਲਾ ਕੇਂਦਰ ਵੈਨਕੂਵਰ ਦਾ ਗੁਰਦੁਆਰਾ ਸੀ, ਜਿਥੇ ਕੁਝ ਚਿਰ ਗਿਆਨੀ ਭਗਵਾਨ ਸਿੰਘ ਗੰਥੀ ਰਹੇ, ਜਿਨ੍ਹਾਂ ਨੇ ਆਪਣੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

## ਹਿੰਦੋਸਤਾਨੀ ਐਸੋਸੀਏਸ਼ਨ ਆਫ ਵੈਨਕੂਵਰ ਦੀ ਰੂਪ ਰੇਖਾ

ਉਪਲਬਧ ਦਸਤਾਵੇਜ਼ਾਂ ਅਨੁਸਾਰ ਉਪਰੋਕਤ ਪਹਿਚਾਣ ਵਾਲੀ ਜਥੇਬੰਦੀ ਦੀ ਨਿਯਮਾਵਲੀ 23-10-1910 ਈ. ਨੂੰ ਹਿੰਦੋਸਤਾਨੀਆਂ ਦੇ ਭਰਪੂਰ ਇਕੱਠ ਵਿੱਚ ਪ੍ਰਵਾਨ ਕੀਤੀ ਗਈ, ਜਿਸ ਵਿੱਚ ਗਦਰ ਪਾਰਟੀ ਵਾਲੇ ਕਈ ਨਿਯਮਾਂ, ਉਦੇਸ਼ਾਂ ਦੀ ਝਲਕ ਨਜ਼ਰ ਆਉਂਦੀ ਹੈ। ਇਸ ਤੱਥ ਦੀ ਅਹਿਮੀਅਤ ਇਹ ਹੈ ਕਿ ਕਈ ਇਤਿਹਾਸਕਾਰ ਜਾਣੇ-ਅਣਜਾਣੇ ਗਦਰ ਪਾਰਟੀ ਦੀ ਸਥਾਪਨਾ ਨੂੰ ਇੱਕ ਵਿਅਕਤੀ ਦੇ ਦਿਮਾਗ ਦੀ ਕਾਢ ਹੀ ਮੰਨ ਲੈਂਦੇ ਹਨ। ਪਰ ਜਿਵੇਂ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੇ ਆਪਣੇ ਨਿਵਾਸ ਸਥਾਨ (ਪਿੰਡ ਭਕਨਾਂ ਕਲਾਂ, ਅੰਮ੍ਰਿਤਸਰ) ਵਿਖੇ ਇਕ ਸਿਰਲੇਖ ਤੇ ਗਦਰ ਪਾਰਟੀ ਦੀ ਰੂਪਰੇਖਾ ਪ੍ਰਸਤੁਤ ਕੀਤੀ ਹੋਈ ਹੈ, ਉਹਦੇ ਵਿੱਚ ਸਪੱਸ਼ਟ ਤੌਰ ’ਤੇ ਅੰਕਤ ਹੈ।

“ਦੇਸ਼ ਨੂੰ ਪੂਰਨ ਆਜ਼ਾਦੀ ਤੇ ਬਰਾਬਰੀ ਦਾ ਰਾਹ ਵਿਖਾਉਣ ਲਈ ਪਹਿਲੀ ਪਾਰਟੀ ਕਿਹੜੀ ਹੈ?” “ਗਦਰ ਪਾਰਟੀ”, ਜਿਹੜੀ 1913 ਨੂੰ ਅਮਰੀਕਾ ਵਿੱਚ ਹਿੰਦੀ ਮਿਹਨਤਕਸ਼ਾਂ, ਹਿੰਦੀ ਜਲਾਵਤਨ ਦੇਸ਼ ਭਗਤਾਂ ਤੇ ਹਿੰਦੀ ਵਿਦਿਆਰਥੀਆਂ ਦੀ ਮਿਲਵੀਂ ਕੋਸ਼ਿਸ਼ ਦੇ ਸਿੱਟੇ ਵਜੋਂ ਹੋਂਦ ਵਿੱਚ ਆਈ।

ਜਿਸ ਨੇ ਗੁਲਾਮੀ ਦੇ ਖਿਲਾਫ ਤੇ ਆਜ਼ਾਦੀ ਦੇ ਹੱਕ ਵਿੱਚ ਝੰਡਾ ਚੁੱਕਿਆ, ਤੇ ਸੈਂਕੜੇ ਸ਼ਹੀਦਾਂ ਦੀ ਕੁਰਬਾਨੀ ਦਿੱਤੀ। ਸੈਂਕੜੇ ਸੈਂਕੜੇ ਦੇਸ਼ ਭਗਤ ਕਾਲੇ ਪਾਣੀ ਦੇ ਕੁੰਭੀ ਨਰਕ ਵਿੱਚ ਉਮਰਾਂ ਲਈ ਸੁੱਟੇ ਗਏ। ਗਦਰ ਪਾਰਟੀ ਨੂੰ ਪੂਰਨ ਕਾਮਯਾਬੀ ਤੇ ਨਾ ਹੋਈ, ਪਰ ਪਾਰਟੀ ਨੇ ਗੁਲਾਮੀ ਦੇ ਅਸਰ ਨਾਲ ਨਿਢਾਲ ਹੋਈ ਹਿੰਦੋਸਤਾਨੀ ਜਨਤਾ ਦੇ ਖੂਨ ਵਿੱਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ।

ਜਿਸ ਦਾ ਸਿੱਟਾ ਸਾਡੇ ਸਾਹਮਣੇ ਹੈ— ਤਾਰੀਖ ਵਿੱਚ ਵਰਤਮਾਨ ਤੇ ਆਉਣ ਵਾਲੀਆਂ ਨਸਲਾਂ ਲਈ ਆਜ਼ਾਦੀ ਦੇ ਕਾਂਡ ਦਾ ਵਾਧਾ ਕਰ ਦਿੱਤਾ ਹੈ।

## ਪਾਰਟੀ ਦਾ ਖਾਸਾ

ਬੇਸ਼ੱਕ ਪਾਰਟੀ ਮੁੱਖ ਤੌਰ ’ਤੇ ਸਿੱਖਾਂ ਦੀ ਹੀ ਸੀ ਅਤੇ ਸਟਾਕਟਨ ਤੇ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਇਸ ਦੇ ਮੁੱਖ ਕੇਂਦਰ ਸਨ, ਪਰ ਫਿਰ ਵੀ ਧੁਰ ਅੰਦਰੋਂ ਇਹ ਧਰਮ ਨਿਰਪੇਖ ਹੀ ਸੀ, ਜਿਸ ਅੰਦਰ ਧਾਰਮਿਕ ਭੇਦ ਭਾਵ ਦੀ ਕਤਈ ਕੋਈ ਥਾਂ ਨਹੀਂ ਸੀ, ਉਸ ਰੂੜੀਵਾਦ ਦੇ ਦੌਰ ਵਿੱਚ ਵੀ ਸਾਰੇ ਇਕੋ ਲੰਗਰ ਤੋਂ ਅੰਨ ਪਾਣੀ ਛਕਦੇ ਸਨ। ਯੁੱਧ ਦਾ ਜੈਕਾਰਾ ਸੀ, “ਬੰਦੇ ਮਾਤਰਮ”, “ਮਾਤਾ ਤੇਰੀ ਜੈ-ਜੈਕਾਰ”— ਮਾਤਾ ਦੀ ਪ੍ਰਤੀਕ ਸੀ, ਭਾਰਤ ਮਾਤਾ। ਇਹ ਨਾਅਰਾ ਬੰਕਮਚੰਦਰ ਚੈਟਰਜੀ ਦੇ ਪ੍ਰਸਿੱਧ ਨਾਵਲ ਅਨੰਦ ਮੱਠ ’ਚੋਂ ਲਿਆ ਗਿਆ ਸੀ। ਯੁਗਾਤਰ ਆਸ਼ਰਮ ਦਾ ਪਿਛੋਕੜ ਵੀ ਬੰਗਾਲੀ ਹੀ ਸੀ, ਕਿਉਂ ਜੋ ਭਾਰਤ ਵਿੱਚ ਆਧੁਨਿਕ ਇਨਕਲਾਬੀ ਲਹਿਰਾਂ ਦੀ ਸ਼ੁਰੂਆਤ ਬੰਗਾਲ ਵਿੱਚ ਹੀ 1907 ਦੌਰਾਨ ਹੁੰਦੀ ਹੈ—

ਯੁਗਾਤਰ ਦਾ ਮਤਲਬ ਹੈ “ਨਵਾਂ ਯੁਗ”

## ਗਦਰ ਤੇ ਗਦਰ ਗੂੰਜਾਂ

“ਗਦਰ” ਅਖਬਾਰ ਵਿੱਚ ਬਾਕਾਇਦਾ ਇੱਕ ਦੋ ਸਫੇ ਕਵਿਤਾਵਾਂ ਦੇ ਹੁੰਦੇ ਸੀ, ਜੋ ਖੁਦ ਗਦਰੀ ਹੀ ਲਿਖਦੇ ਸਨ। ਇਹ ਰਚਨਾਵਾਂ ਸਿਧ ਪਧਰੀ ਬੋਲੀ ਅਤੇ ਖੁੱਲ੍ਹੇ-ਡੁਲ੍ਹੇ, ਅੰਦਾਜ਼ ਵਿੱਚ ਲਿਖੀਆਂ ਹੋਣ ਕਰਕੇ ਬਹੁਤ ਮਕਬੂਲ ਹੋਈਆਂ, ਜੋ ਸਾਹਿਤਕ ਪੱਖੋਂ ਭਾਵੇਂ ਢਿਲੀਆਂ ਹੀ ਹੋਣਗੀਆਂ, ਪਰ ਪ੍ਰਭਾਵ ਪੱਖੋਂ ਬਿਜਲਈ ਸਿੱਧ ਹੋਈਆਂ।

ਇਥੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਇਨਕਲਾਬਾਂ ਦੇ ਇਤਿਹਾਸ ਵਿੱਚ ਜਨ ਸਾਧਾਰਨ ਦੀਆਂ ਲਿਖਤਾਂ ਨੇ ਸ਼ੈਦ ਹੀ ਕਦੇ ਐਨੀ ਮਹੱਤਵਪੂਰਨ ਭੂਮਿਕਾ ਨਿਭਾਈ ਹੋਵੇ ਜਿੰਨੀ ਗਦਰ ਗੂੰਜਾਂ ਨੇ ਨਿਭਾਈ ਸੀ। ਗਦਰ ਗੂੰਜਾਂ ਲੜੀ ਵਾਰ ਪ੍ਰਕਾਸ਼ਤ ਹੁੰਦੀਆਂ ਸਨ। ਗਦਰ ਪ੍ਰਚਾਰ ਤਕਰੀਰਾਂ ਰਾਹੀਂ ਘੱਟ ਤੇ ਆਮ ਕਰਕੇ ਇਹਨਾਂ ਕਵਿਤਾਵਾਂ ਰਾਹੀਂ ਹੀ ਹੁੰਦਾ ਰਿਹਾ।

ਮਾਲਵੇ ਦੇ ਸਿਰਲੇਥ ਮਲਵਈ ਯੋਧੇ ਕਰਤਾਰ ਸਿੰਘ ਸਰਾਭਾ ਦੀ ਇਕ ਮਨਭਾਉਂਦੀ ਕਵਿਤਾ ਸੀ।

**"ਬਣੀ ਸਿਰ ਸ਼ੇਰਾਂ ਕੀ ਜਾਣਾ ਭੱਜ ਕੇ"**

ਜਦੋਂ 19 ਫਰਵਰੀ 1915 ਦੀ ਗਦਰ ਪਲੈਨ ਫੇਲ ਹੋ ਗਈ ਤਾਂ ਸਰਾਭੇ, ਹਰਨਾਮ ਸਿੰਘ ਟੁੰਡੀਲਾਟ (ਸ਼ਹੀਦ) ਜਗਤ ਸਿੰਘ (ਸੁਰ ਸਿੰਘ ਲਹੌਰ) ਨੇ ਉੱਤਰ ਪੱਛਮੀ ਸਰਹੱਦ ਵੱਲ ਜਾ ਕੇ ਉਥੋਂ ਹਥਿਆਰ ਆਦਿ ਜੁਟਾ ਕੇ ਫਿਰ ਗਦਰ ਕਰਨ ਦੀ ਨੀਯਤ ਨਾਲ ਓਧਰ ਨੂੰ ਚਾਲੇ ਪਾ ਦਿੱਤੇ। ਸਰਹੱਦ ਨੇੜੇ ਜਦ ਰਾਤੀਂ ਘੂਕ ਸੁਤੇ ਪਏ ਸੀ ਤਾਂ ਅੱਧੀ ਰਾਤੀਂ ਸਰਾਭੇ ਨੇ ਸਾਥੀਆਂ ਨੂੰ ਜਗਾ ਕੇ ਕਿਹਾ, "ਅਸੀਂ ਵਾਪਸ ਚੱਲਣਾ ਹੈ।" ਸਾਥੀ ਅਭੜਵਾਹੇ ਉੱਠੇ ਤੇ ਪੁੱਛਿਆ "ਕੀ ਮਾਮਲਾ ਹੈ?" ਤਾਂ ਸਰਾਭੇ ਦਾ ਜਵਾਬ ਸੀ ਅਸੀਂ ਮੈਦਾਨ ਛੱਡ ਕੇ ਭੱਜ ਰਹੇ ਹਾਂ ਤੇ ਫਿਰ ਅਸੀਂ ਐਵੇਂ ਹੀ ਗਾਉਂਦੇ ਰਹੇ ਸੀ, "ਬਣੀ ਸਿਰ ਸ਼ੇਰਾਂ...." ਤੇ ਉਹ ਵਾਪਸ ਪਰਤ ਆਏ।

ਗਦਰ ਅਖਬਾਰ ਵਿੱਚ ਲਗਾਤਾਰ ਹੇਠ ਲਿਖੇ ਮੁੱਦਿਆਂ ਬਾਰੇ ਚਰਚਾ ਕੀਤੀ ਜਾਂਦੀ ਸੀ।

1. ਭਾਰਤ ਦੀ ਅੰਗਰੇਜ਼ ਸਾਮਰਾਜ ਵਜੋਂ ਕੀਤੀ ਜਾਂਦੀ ਆਰਥਿਕ ਲੁੱਟ ਘਸੁੱਟ ਦੇ ਤੌਰ ਤਰੀਕੇ।
2. ਅੰਗਰੇਜ਼ਾਂ ਦੀ ਭਾਰਤ ਅੰਦਰ ਰਾਜਸੀ ਝਾਂਸਿਆਂ ਦੀ ਅਸਲੀਅਤ
3. ਵੀਰ ਸਾਵਰਕਰ ਦੀ 1857 ਬਾਰੇ ਲਿਖੀ ਕਿਤਾਬ ਦੀ ਲੜੀਵਾਰ ਪ੍ਰਕਾਸ਼ਨਾ।
4. ਅਮਰੀਕਾ ਰਹਿੰਦੇ ਹਿੰਦੀਆਂ ਲਈ ਸੁਝਾਅ
5. ਅੰਗਰੇਜ਼ੀ ਸਾਮਰਾਜ ਦੇ ਕੌਮਾਂਤਰੀ ਪੱਧਰ 'ਤੇ ਕਿਰਦਾਰ ਦਾ ਕੱਚਾ ਚਿੱਠਾ।
6. ਕਵਿਤਾਵਾਂ

ਗਦਰ ਵਿੱਚ ਛਪਦੀਆਂ ਇਹਨਾਂ ਕਵਿਤਾਵਾਂ ਦਾ ਮਹੱਤਵ ਇਥੋਂ ਤੀਕ ਸੀ ਕਿ ਫਾਂਸੀ ਲੱਗਣ ਵਾਲੇ ਆਪਣੀ ਜ਼ਿੰਦਗੀ ਦੀ ਆਖਰੀ ਰਾਤ ਬਾਕੀ ਸਾਥੀਆਂ ਦੀ ਆਵਾਜ਼ ਨਾਲ ਆਵਾਜ਼ ਮਿਲਾ ਕੇ ਗਦਰੀ ਗੂੰਜਾਂ ਹੀ ਗਾਉਂਦੇ ਸਨ।

## ਦੇਸ਼ ਵਾਪਸੀ

ਡੰਕੇ ਦੀ ਚੋਟ ਨਾਲ ਐਨੀ ਵੱਡੀ ਗਿਣਤੀ ਵਿੱਚ ਗਦਰੀਆਂ ਦੇ ਦੇਸ਼ ਪਰਤਣ ਤੋਂ ਸਰਕਾਰ ਕਿਵੇਂ ਅਵੇਸਲੀ ਰਹਿ ਸਕਦੀ ਸੀ। ਵਿਸ਼ੇਸ਼ ਕਾਨੂੰਨ (ਆਰਡੀਨੈਂਸ) ਜਾਰੀ ਕਰਕੇ ਇਹਨਾਂ ਨੂੰ ਨਜ਼ਰਬੰਦ-ਗ੍ਰਿਫ਼ਤਾਰ ਕਰਨ ਲਈ ਪੂਰੀ ਚੌਕਸੀ ਵਰਤੀ ਜਾ ਰਹੀ ਸੀ। ਬਹੁਤ ਸਾਰੇ ਜੋ ਕਲਕੱਤੇ ਦੀ ਬੰਦਰਗਾਹ 'ਤੇ ਉਤਰੇ ਪਕੜ ਲਏ ਗਏ ਤੇ ਇਹਨਾਂ ਨੂੰ ਮਾਲਵੇ ਇਲਾਕੇ ਦੇ ਜ਼ਿਲ੍ਹੇ ਲੁਧਿਆਣੇ ਵਿਖੇ ਜੇਲ੍ਹ ਘਰ ਲਿਆ ਕੇ ਪੁੱਛ-ਗਿੱਛ ਕੀਤੀ ਜਾਂਦੀ ਰਹੀ ਤੇ ਉਹਦੇ ਆਧਾਰ 'ਤੇ ਕਈਆਂ ਨੂੰ ਜੇਲ੍ਹ ਭੇਜ ਦਿੰਦਾ ਜਾਂਦਾ ਤੇ ਬਾਕੀਆਂ ਨੂੰ ਵੱਡੀਆਂ ਜਮਾਨਤਾਂ ਤੇ ਪਿੰਡ ਨਜ਼ਰਬੰਦ ਕਰ ਦਿੱਤਾ ਗਿਆ। ਸਿੱਟੇ ਵਜੋਂ ਪਾਰਟੀ ਦੇ ਸਿਰਕੱਢ ਆਗੂ ਬਾਬਾ ਸੋਹਨ ਸਿੰਘ ਭਕਨਾ (ਪ੍ਰਧਾਨ) ਬਾਬਾ ਕੇਸਰ ਸਿੰਘ ਠਠਗੜ੍ਹ (ਮੀਤ ਪ੍ਰਧਾਨ) ਤੇ ਹੋਰ ਕਈ ਸਾਰੇ ਗ੍ਰਿਫ਼ਤਾਰ ਕਰ ਲਏ ਗਏ। ਮਾਲਵੇ ਦੇ ਕਰਤਾਰ ਸਿੰਘ ਸਰਾਭੇ ਵਰਗੇ ਹੋਸ਼ਿਆਰੀ ਵਰਤ ਕੇ ਕਲੰਬੋ ਵੱਲੋਂ ਚੁਪ-ਚਾਪ ਦਾਖਲ ਹੋਣ ਵਿੱਚ ਸਫਲ ਹੋਏ।

ਇਹ ਪਾਰਟੀ ਲਈ ਇਕ ਬਹੁਤ ਵੱਡੀ ਚੁਣੌਤੀ ਸੀ, ਜਿਸ ਨਾਲ ਸਿਝਣ ਲਈ ਪਾਰਟੀ ਦੀ ਨਿਰਸਵਾਰਥ ਜਦੋ ਜਹਿਦ ਦੀ ਨੀਤੀ ਕੰਮ ਆਈ। ਬਾਕੀ ਬਚੇ ਆਗੂਆਂ ਜਿਨ੍ਹਾਂ ਵਿੱਚ ਖਾਸ ਤੌਰ 'ਤੇ ਸਰਾਭਾ ਤੇ ਪੂਨਾ (ਮਹਾਰਾਸ਼ਟਰ) ਤੋਂ ਉਹਨਾਂ ਦੇ ਬਰਕਲੇ ਯੂਨੀਵਰਸਿਟੀ ਦੇ ਸਮਕਾਲੀ ਵਿਸ਼ਨੂੰ ਗਣੇਸ਼ ਪਿੰਗਲੇ ਨੇ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ ਨਾਲ ਸੰਪਰਕ ਕੀਤਾ ਜੋ ਦਿੱਲੀ ਦੇ ਚਾਂਦਨੀ ਚੌਕ ਤੇ ਵਾਈਸ ਰਾਏ 'ਤੇ ਬੰਬ ਹਮਲੇ ਵਾਲੇ ਕੇਸ 'ਚ ਮਫਰੂਰ ਸਨ। ਉਹਨਾਂ ਨੇ ਮੌਕੇ 'ਤੇ ਹਾਲਾਤ ਦਾ ਜਾਇਜ਼ਾ ਲੈਣ ਲਈ ਆਪਣੇ ਨੇੜਲੇ ਮਾਲਵੇ ਦੇ ਸਾਥੀ ਸੁਰਿੰਦਰ ਸਾਨੇਆਲ ਨੂੰ ਪੰਜਾਬ ਭੇਜ ਕੇ ਆਪਣੀ ਪੂਰੀ ਤਸੱਲੀ ਕਰਨ ਉਪਰੰਤ ਗਦਰ ਲਹਿਰ ਦੀ ਕਮਾਨ ਸੰਭਾਲਣ ਦਾ ਬੀੜਾ ਚੁੱਕ ਲਿਆ।

## ਗਦਰ ਲਈ ਤਿਆਰੀਆਂ

ਗਦਰੀਆਂ ਦੀਆਂ ਤਿਆਰੀਆਂ ਬਹੁਮੁਖੀ ਤੇ ਚਹੁਮੁਖੀ ਸਨ। ਜਿਨ੍ਹਾਂ ਦਾ ਪਸਾਰਾ ਦੇਸ਼ ਦੇ ਉੱਤਰ ਪੱਛਮੀ ਪਰਾਂਤ ਤੋਂ ਲੈ ਕੇ ਘੱਟੋ-ਘੱਟ ਬਨਾਰਸ ਤੱਕ ਜ਼ਰੂਰ ਸੀ। ਏਸ ਉਪਰਾਲੇ ਹਿੱਤ ਉਹਨਾਂ ਨੇ ਕੌਮ ਦੇ ਉਹਨਾਂ ਸਾਰੇ ਸਰੋਤਾਂ ਨੂੰ ਸੂਤਰ ਬੱਧ ਕਰਨ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਤੋਂ ਕਿ ਆਜ਼ਾਦੀ ਸੰਘਰਸ਼ ਵਿੱਚ ਹਿਸਾ ਲੈਣ ਜਾਂ ਘੱਟੋ ਘੱਟ ਅਸਿੱਧੀ ਹਮਾਇਤ ਦੀ ਆਸ ਸੀ। ਲਹੌਰ ਸਾਜ਼ਸ ਕੇਸ ਦੇ ਫੈਸਲੇ ਵਿੱਚ 17 ਅਜਿਹੀਆਂ ਗਤੀਵਿਧੀਆਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ ਕੁਝ ਕੁ ਇਹ ਸਨ।

**(ੳ) ਮਾਲਵੇ ਦੇ ਵਿਦਿਆਰਥੀਆਂ ਦਾ ਕੰਮ —** ਮਾਲਵੇ ਇਲਾਕੇ ਦੇ ਜ਼ਿਲ੍ਹਾ ਲੁਧਿਆਣਾ ਦੇ ਖਾਲਸਾ ਹਾਈ ਸਕੂਲ, ਇਸਲਾਮੀਆਂ ਹਾਈ ਸਕੂਲ 'ਤੇ ਇਹਨਾਂ ਦੇ ਬੋਰਡਿੰਗ ਹਾਊਸ ਗਦਰੀਆਂ ਦੇ ਅੱਡੇ ਟਿਕਾਣੇ ਸਨ। ਇਹਨਾਂ ਵਿੱਚ ਵੱਡੀ ਗਿਣਤੀ ਵਿੱਚ ਪੜ੍ਹ ਰਹੇ ਵਿਦਿਆਰਥੀ ਕਤਰਾਰ ਸਿੰਘ ਸਰਾਭੇ ਦੇ ਹਾਣੀ ਤੇ ਵਾਕਫਕਾਰ ਸਨ। ਵਾਅਦਾ ਮਾਫ ਊਧਮ ਸਿੰਘ ਹਾਂਸ ਦੇ ਅਦਾਲਤੀ ਬਿਆਨ ਅਨੁਸਾਰ ਉਹ ਸੱਜਣ ਸਿੰਘ (ਨਾਰੰਗਵਾਲ, ਲੁਧਿਆਣਾ ਜਿਨ੍ਹਾਂ ਨੂੰ ਟ੍ਰਿਬਿਊਨਲ ਨੇ ਦੂਜਾ ਸਰਾਭਾ ਕਿਹਾ ਹੈ) (ਵਾਅਦਾ ਮਾਫ) ਅਨੋਖ ਸਿੰਘ ਜਿਹੜੇ ਖਾਲਸਾ ਹਾਈ ਸਕੂਲ ਦੇ ਵਿਦਿਆਰਥੀ ਸਨ ਜਨਵਰੀ 1915 ਵਿੱਚ ਮਿਲੇ ਸਨ ਜਿਨਾਂ ਨੂੰ ਉਹ ਪਹਿਲਾਂ ਤੋਂ ਜਾਣਦਾ ਸੀ। ਉਪਰੋਕਤ ਗਵਾਹ ਨੇ ਇਹ ਵੀ ਦੱਸਿਆ ਕਿ ਉਹਨਾਂ ਨੂੰ ਉਤਮ ਸਿੰਘ ਇਸਲਾਮੀਆਂ ਸਕੂਲ ਦੇ ਬੋਰਡਿੰਗ ਵਿੱਚ ਲੈ ਗਿਆ, ਜਿਥੇ (ਵਾਅਦਾ ਮਾਫ) ਸੁੱਚਾ ਸਿੰਘ, ਡਾਕਟਰ ਮਥਰਾ ਸਿੰਘ, ਕਰਤਾਰ ਸਿੰਘ ਸਰਾਭਾ ਤੇ ਹੋਰ (ਗਦਰੀ) ਵੀ ਮਿਲੇ।

(ਵਾਅਦਾ ਮਾਫ) ਅਨੋਖ ਸਿੰਘ ਅਨੁਸਾਰ 1914 ਵਿੱਚ ਉਹ ਤੇ ਸੱਜਣ ਸਿੰਘ, ਖਾਲਸਾ ਹਾਈ ਸਕੂਲ ਵਿੱਚ ਪੜ੍ਹਾਈ ਦੌਰਾਨ ਇਕੱਠੇ ਰਹਿ ਰਹੇ ਸਨ ਤੇ ਅਸੀਂ ਦੋਵੇਂ ਇਕੋ ਹੋਟਲ ਤੋਂ ਖਾਣਾ ਖਾਂਦੇ ਸੀ। ਜਨਵਰੀ 1915 ਦੇ ਸ਼ੁਰੂ ਵਿੱਚ ਇਸਲਾਮੀਆ ਹਾਈ ਸਕੂਲ ਦਾ ਵਿਦਿਆਰਥੀ ਕਿਰਪਾਲ ਸਿੰਘ (ਬੋਪਾਰਾਏ, ਲੁਧਿਆਣਾ), ਜੋ ਉਮਰ ਕੈਦ ਕੱਟ ਕੇ ਮਾਲਵੇ ਦੇ ਹੀ ਗੁਰੂਸਰ ਸੁਧਾਰ ਖਾਲਸਾ ਹਾਈ ਦੇ ਹੈੱਡਮਾਸਟਰ ਰਹੇ ਸਨ, ਨੇ ਸਾਨੂੰ "ਗਦਰ ਦੀ ਗੂੰਜ" ਪੜ੍ਹਾਈ ਜੀਹਦੇ ਪ੍ਰਭਾਵ ਹੇਠਾਂ ਅਸੀਂ ਸਕੂਲ ਛੱਡ ਦਿੱਤਾ, ਪਿੱਛੋਂ ਕਿਰਪਾਲ ਸਿੰਘ ਬਾਬਾ ਨਿਧਾਨ ਸਿੰਘ (ਚੁਘਾ, ਫਿਰੋਜ਼ਪੁਰ) ਨੂੰ ਨਾਲ ਲੈ ਕੇ ਆਇਆ ਤੇ ਹੋਰ ਗਦਰੀਆਂ ਨੂੰ ਵੀ ਮਿਲਾਇਆ।

ਹੋਰ ਗਤੀਵਿਧੀਆਂ ਤੋਂ ਇਲਾਵਾ ਇਸ ਸਕੂਲ ਦੇ ਵਿਦਿਆਰਥੀਆਂ ਨੇ ਸਾਈਕਲੋਸਟਾਈਲ ਮਸ਼ੀਨ ਦੇ ਸਟੈਨਬਿਲ ਤਿਆਰ ਕਰਕੇ "ਗਦਰ" ਤੇ "ਗਦਰ ਗੂੰਜਾਂ" ਦੇ ਪਰਚੇ ਛਾਪ ਕੇ ਵੰਡਣ ਦਾ ਕਾਰਜ ਨਿਭਾਇਆ ਸੀ।

ਪਹਿਲੇ ਲਹੌਰ ਸਾਜਸ਼ ਕੇਸ ਵਿੱਚ ਕਿਰਪਾਲ ਸਿੰਘ ਤੇ ਖੜਕ ਸਿੰਘ (ਦੋਵੇਂ ਪਿੰਡ ਬੋਪਾਰਾਏ-ਲੁਧਿਆਣਾ) ਨੂੰ ਸਜਾ ਸੁਣਾਈ ਗਈ। ਪਹਿਲੇ ਨੂੰ ਉਮਰ ਕੈਦ ਕਾਲੇ ਪਾਣੀ ਅਤੇ ਦੂਜੇ ਨੂੰ ਚਾਰ ਸਾਲ ਸਖ਼ਤ ਕੈਦ। ਕਿਰਪਾਲ ਸਿੰਘ ਨੂੰ ਛੋਟੀ ਉਮਰ ਅਤੇ ਵਿਦਿਆਰਥੀ ਹੋਣ ਦੇ ਬਾਵਜੂਦ ਅੰਡੇਮਾਨ-ਕਾਲੇ ਪਾਣੀ ਭੇਜ ਦਿੱਤਾ ਗਿਆ। ਤੀਜੇ ਪੂਰਨ ਸਿੰਘ (ਈਸੇਵਾਲ-ਲੁਧਿਆਣਾ) ਨੂੰ ਵੀ ਚਾਰ ਸਾਲ ਸਖ਼ਤ ਕੈਦ ਸੁਣਾਈ ਗਈ।

ਦੂਜੇ ਲਹੌਰ ਸਾਜਸ ਕੇਸ ਵਿੱਚ ਬਾਬਾ ਸੱਜਣ ਸਿੰਘ (ਨਾਰੰਗਵਾਲ-ਲੁਧਿਆਣਾ) ਨੂੰ ਉਮਰ ਕੈਦ ਕਾਲਾ ਪਾਣੀ ਦੀ ਸਜ਼ਾ ਸੁਣਾਈ ਗਈ। ਇਹਨਾਂ ਦੀ ਡਿਊਟੀ ਰਾਸ ਬਿਹਾਰੀ ਬੋਸ ਨਾਲ ਲਾਈ ਹੋਈ ਸੀ ਤੇ ਇਸ ਨੌਜਵਾਨ ਨੇ ਸਭ ਤੋਂ ਪਹਿਲਾਂ (ਮੁਖਬਰ) ਕ੍ਰਿਪਾਲ ਸਿੰਘ ਤੇ ਸ਼ੱਕ ਕੀਤਾ ਸੀ ਤੇ ਇਹਦੀ ਹੀ ਡਿਊਟੀ ਲਾਈ ਗਈ ਸੀ ਕਿ ਇਸ ਗਦਾਰ ਨੂੰ ਦਦੇਹਰ (ਅੰਮ੍ਰਿਤਸਰ) ਲਿਜਾ ਕੇ ਮਰਵਾ ਦੇਵੇ, ਪਰ ਗੱਦਾਰ ਪਹਿਲਾਂ ਹੀ ਭਾਂਪ ਕੇ ਖਿਸਕ ਗਿਆ। ਨਾਲੇ ਇਹ ਸੱਜਣ ਸਿੰਘ ਹੀ ਸੀ, ਜੀਹਨੇ 23 ਨੰਬਰ ਰਸਾਲੇ ਦੀ ਲਹੌਰ ਮੀਆਂ ਮੀਰ ਛਾਉਣੀ ਸਥਿਤ ਪਲਟਣ ਦੇ ਗਦਰੀਆਂ ਨਾਲ ਸੰਪਰਕ ਕਾਇਮ ਰੱਖਿਆ ਸੀ। ਤੇ ਫਿਰ ਜਦੋਂ 19 ਫਰਵਰੀ ਨੂੰ ਲਹੌਰ ਪਾਰਟੀ ਦੇ ਹੈੱਡਕੁਆਰਟਰ ਦੀ ਪੁਲਿਸ ਤਲਾਸ਼ੀ ਲੈ ਰਹੀ ਸੀ ਤਾਂ ਇਸ ਨੂੰ ਰਾਸ ਬਿਹਾਰੀ ਬੋਸ ਘੋੜਾ-ਬੱਘੀ ਤੇ ਸਵਾਰ ਉਸੇ ਮਕਾਨ ਵੱਲ ਨੂੰ ਜਾਂਦਾ ਦਿਸ ਪਿਆ, ਇਸ ਨੇ ਇਸ਼ਾਰੇ ਨਾਲ ਉਹਨੂੰ ਓਧਰ ਜਾਣੋ ਵਰਜ ਦਿੱਤਾ ਤੇ ਫਿਰ ਰਾਸ ਬਿਹਾਰੀ ਬੋਸ ਉਸੇ ਰਾਤ ਗੱਡੀ ਫੜ ਕੇ ਲਹੌਰੋਂ ਬਚ ਨਿਕਲਣ ਵਿੱਚ ਸਫਲ ਹੋਇਆ ਸੀ।

**(ਅ) ਬੰਬਸ਼ਾਲੀ ਲਈ ਲੋਹਟਬੱਧੀ ਅੱਡਾ ਤਿਆਰ—** ਬੰਬਸ਼ਾਲੀ ਲਈ ਪਹਿਲਾ ਅੱਡਾ ਬਨਾਇਆ ਗਦਰੀਆਂ ਨੇ ਪਿੰਡ ਝਾਬੇਵਾਲ। ਜਨਵਰੀ 1915 ਦੌਰਾਨ ਪਾਰਟੀ ਆਗੂਆਂ ਨੂੰ ਸ਼ੱਕ ਗੁਜ਼ਰਿਆ ਕਿ ਇਥੋਂ ਵਾਲੇ ਅੱਡੇ ਬਾਰੇ ਪੁਲੀਸ ਨੂੰ ਭਿਣਕ ਪੈ ਰਹੀ ਹੈ, ਸੋ ਕਾਫੀ ਸੋਚ ਵਿਚਾਰ ਤੇ ਪੜਤਾਲ ਉਪਰੰਤ, ਇਹ ਸਾਰਾ ਜੁਗਾੜ ਲੋਹਟਬੱਧੀ ਲੈ ਜਾਣ ਦਾ ਫੈਸਲਾ ਕੀਤਾ ਗਿਆ ਤੇ ਫਰਵਰੀ 1915 ਦੇ ਸ਼ੁਰੂ ਵਿੱਚ ਨਵਾਂ ਅੱਡਾ ਕਾਰਜਸ਼ੀਲ ਹੋ ਗਿਆ। ਇਹ ਨਵਾਂ ਅੱਡਾ ਸੁਚਾਰੂ ਢੰਗ ਨਾਲ ਚਲਾਉਣ ਲਈ 20 ਜਨਵਰੀ ਨੂੰ ਇਥੇ ਗਦਰੀਆਂ ਦੀ ਬੈਠਕ ਹੋਈ ਜਿਸ ਵਿੱਚ ਉਤਮ ਸਿੰਘ (ਪਿੰਡ ਹਾਂਸ-ਲੁਧਿਆਣਾ), ਗਾਂਧਾ ਸਿੰਘ ਉਰਫ ਭਗਤ ਸਿੰਘ (ਪਿੰਡ-ਕੱਚਰ ਭੱਨ ਜ਼ਿਲ੍ਹਾ ਫਿਰੋਜ਼ਪੁਰ), ਬੂਟਾ ਸਿੰਘ (ਪਿੰਡ ਅਕਾਲਗੜ੍ਹ-ਖੁਰਦ, ਲੁਧਿਆਣਾ), ਨੰਦ ਸਿੰਘ (ਪਿੰਡ ਕੈਲਾ, ਲੁਧਿਆਣਾ) ਤੇ ਹੋਰਨਾਂ ਤੋਂ ਇਲਾਵਾ ਨਿਧਾਨ ਸਿੰਘ (ਪਿੰਡ ਚੁੱਘਾ-ਫਿਰੋਜ਼ਪੁਰ) ਵੀ ਸ਼ਾਮਲ ਸਨ। ਬੰਬਸ਼ਾਲੀ ਦਾ ਕਾਰਜ ਨਿਰਵਿਘਨ ਚੱਲਦਾ ਰਿਹਾ ਤੇ ਗਦਰ ਦੀ ਨਿਸ਼ਚਿਤ ਤਾਰੀਖ (ਪਹਿਲਾ 21 ਤੇ ਫਿਰ 19 ਫਰਵਰੀ 1915 ਦੇ ਦਿਨਾਂ ਵਿੱਚ ਜਿੰਨੇ ਵੀ ਬੰਬ ਵਰਤੇ ਗਏ ਉਹ ਲਗਭਗ ਸਾਰੇ ਹੀ ਲੋਹਟਬੱਧੀ ਵਿਖੇ ਤਿਆਰ ਕੀਤੇ ਗਏ ਸਨ। ਅਖੀਰ ਵਾਅਦਾ ਮਾਫ ਗਵਾਹਾਂ ਦੀ ਨਿਸ਼ਾਨਦੇਹੀ ਤੇ 7-8 ਮਾਰਚ ਨੂੰ 6 ਬੰਬ ਨਹਿਰ ਕੰਢਿਓਂ ਕਣਕ ਦੇ ਖੇਤ ਵਿੱਚੋਂ ਤੇ 11 ਮਾਰਚ ਨੂੰ ਮਾਧੋ ਰਾਮ ਦੀ ਦੁਕਾਨ 'ਚੋਂ ਬਰਾਮਦ ਕੀਤੇ ਗਏ ਸਨ।

**(ੲ) ਪਿੰਡਾਂ ਵਿੱਚ ਪਰਚਾਰ —** ਪਿੰਡਾਂ ਵਿੱਚ ਪਰਚਾਰ ਪਾਰਟੀ ਦਾ ਅਹਿਮ ਮੁਦਾ ਸੀ। ਲਹੌਰ ਸਾਜਸ ਕੇਸ ਦੇ ਜੱਜਾਂ ਅਨੁਸਾਰ ਇਸ ਮੰਤਵ ਲਈ ਪਾਰਟੀ ਦਾ ਮਾਲਵੇ ਵਿੱਚ ਕੇਂਦਰ ਬਿੰਦੂ ਪਿੰਡ ਢੁਡੀਕੇ (ਉਦੋਂ ਜ਼ਿਲ੍ਹਾ ਫਿਰੋਜ਼ਪੁਰ) ਹੁਣ ਮੋਗਾ ਦੁਆਬੇ ਵਿੱਚ ਸੰਗੋਵਾਲ (ਜਲੰਧਰ) ਤੇ ਮਾਝੇ ਵਿੱਚ ਸਰਸਿੰਘ (ਉਦੋਂ ਲਾਹੌਰ ਹੁਣ ਅੰਮ੍ਰਿਤਸਰ) ਸਨ।

## ਮਾਲਵੇ ਦੇ ਗੜ੍ਹ ਢੁਡੀਕੇ ਦੇ ਗਦਰੀ

ਢੁਡੀਕੇ ਤੇ ਆਸ ਪਾਸ ਦੇ ਪਿੰਡਾਂ ਦੇ ਗਦਰੀਆਂ ਦੀ ਪਾਰਟੀ ਦੀਆਂ ਕਾਰਵਾਈਆਂ ਵਿੱਚ ਵੱਡੀ ਭੂਮਿਕਾ ਸੀ। ਇਹਨਾਂ ਵਿੱਚੋਂ ਬਹੁਤਿਆਂ ਤੇ ਦੂਜੇ ਕੇਸ ਵਿੱਚ ਮੁਕੱਦਮਾ ਚੱਲਿਆ।

**ਸ਼ਹੀਦ :** 1. ਸ਼ਹੀਦ ਉਤਮ ਸਿੰਘ (ਹਾਸ ਲੁਧਿਆਣਾ)
2. ਸ਼ਹੀਦ ਈਸ਼ਰ ਸਿੰਘ ਢੁਡੀਕੇ
3. ਸ਼ਹੀਦ ਰੂੜ ਸਿੰਘ ਤਲਵੰਡੀ-ਦੋਸਾਂਝ ਢੁਡੀਕੇ

**ਉਮਰ ਕੈਦ, ਜਾਇਦਾਦ ਜ਼ਬਤੀ :** 1. ਪਾਖਰ ਸਿੰਘ (ਢੁਡੀਕੇ)
2. ਰੂੜ ਸਿੰਘ (ਚੂਹੜ ਚੱਕ)
3. ਪਾਲਾ ਸਿੰਘ (ਜਥੇਦਾਰ ਢੁੱਡੀਕੇ)
4. ਅਰਜਨ ਸਿੰਘ (ਜਗਰਾਉਂ)

**ਘਟ ਸਜਾਵਾਂ ਵਾਲੇ :** 1. ਪਾਲਾ ਸਿੰਘ (ਵੱਡਾ) ਢੁਡੀਕੇ
2. ਮਾਸਟਰ ਫੇਰਾ ਸਿੰਘ (ਕੋਟ ਸਰਦਾਰ ਝੰਡਾ ਸਿੰਘ ਸਿਆਲਕੋਟ)
3. ਸ਼ਾਮ ਸਿੰਘ (ਢੁਡੀਕੇ)
4. ਮਹਿੰਦਰ ਸਿੰਘ (ਢੁਡੀਕੇ)

## ਮਾਲਵੇ ਇਲਾਕੇ ਦੇ ਢਡੀਕੇ ਨੇੜੇ ਦਾਉਧਰ ਰਜਬਾਹ ਦੇ ਪੁਲ 'ਤੇ ਹੋਈਆਂ ਖੁਫੀਆ ਮੀਟਿੰਗਾਂ

19 ਫਰਵਰੀ 1915 ਦੀ ਗਦਰ ਪਲਾਨ ਫੇਲ੍ਹ ਹੋਣ ਪਿੱਛੋਂ ਵੀ ਗਦਰੀਆਂ ਨੇ ਹੌਂਸਲੇ ਨਹੀਂ ਹਾਰੇ ਤੇ ਨਵੇਂ ਸਿਰਿਉਂ ਜਥੇਬੰਦ ਹੋਣ ਦੇ ਉਪਰਾਲੇ ਕੀਤੇ। ਚੂੰਕਿ ਲਹੌਰ ਵਾਲਾ ਪਾਰਟੀ ਹੈੱਡਕੁਆਰਟਰ ਖਿੰਡ-ਪੁੰਡ ਚੁੱਕਾ ਸੀ, ਨਵੇਂ ਕੇਂਦਰ ਪਿੰਡਾਂ ਵਿੱਚ ਥਾਪੇ ਗਏ। ਜੂਨ 1915 ਦੌਰਾਨ ਕਪੂਰਥਲੇ ਫੌਜੀ ਪਲਟਣ ਦਾ ਅਸਲਾ ਲੁੱਟਣ ਦੀ ਸਕੀਮ ਦਾਉਧਰ ਰਜਬਾਹੇ ਦੇ ਪੁਲ 'ਤੇ ਬਣਾਈ ਗਈ ਸੀ, ਜਿਸ ਸਥਾਨ 'ਤੇ ਬਾਬਾ ਪਾਲਾ ਸਿੰਘ (ਜਥੇਦਾਰ) ਦੀ ਨਿਸ਼ਾਨਦੇਹੀ ਉਪਰੰਤ ਛੋਟੀ ਜਿਹੀ ਯਾਦਗਾਰ ਵੀ ਬਣੀ ਹੋਈ ਹੈ।

ਢੁਡੀਕੇ ਪਿੰਡ ਦੇ ਹੀ ਬਚਨ ਸਿੰਘ (ਵਾਅਦਾ ਮਾਫ) ਦੇ ਅਦਾਲਤੀ ਬਿਆਨ ਅਨੁਸਾਰ ਪਾਖਰ ਸਿੰਘ ਨੇ ਉਸਨੂੰ ਅਤੇ ਰੂੜ ਸਿੰਘ (ਤਲਵੰਡੀ-ਦੁਸਾਂਝ) ਨੂੰ ਈਸ਼ਰ ਸਿੰਘ (ਢੁਡੀਕੇ) ਤੇ ਬੰਤਾ ਸਿੰਘ (ਸੰਘੋਵਾਲ-ਜਲੰਧਰ) ਨਾਲ ਕਪੂਰਥਲੇ ਜਾ ਕੇ ਉਥੋਂ ਦਾ ਅਸਲਾ ਖਾਨਾ ਲੁੱਟਣ ਵਾਲੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਕਿਹਾ, ਇਹੀ ਮਾਮਲਾ ਪਾਲਾ ਸਿੰਘ (ਵੱਡਾ), ਪਾਲਾ ਸਿੰਘ (ਜਥੇਦਾਰ) ਤੇ ਪਾਖਰ ਸਿੰਘ ਨਾਲ ਵੀ ਵਿਚਾਰਿਆ ਗਿਆ ਤੇ ਇਹਨਾਂ ਨੂੰ ਦੱਸਿਆ ਗਿਆ ਕਿ ਇਹਨਾਂ ਨੂੰ 18-19 ਬੰਦੇ ਉਥੇ (ਕਪੂਰਥਲੇ) ਪਹਿਲਾਂ, ਮਿਥੇ ਸਮੇਂ ਸਥਾਨ 'ਤੇ ਮਿਲਣਗੇ। ਪਰ ਕੁਝ ਕਾਰਨਾਂ ਕਰਕੇ ਇਹ ਹਮਲਾ ਨਾ ਕੀਤਾ ਜਾ ਸਕਿਆ।

## ਜਥਾ ਭਾਈ ਰੰਧੀਰ ਸਿੰਘ ਨਾਰੰਗਵਾਲ-ਲੁਧਿਆਣਾ (ਮਾਲਵਾ)

ਦਜੇ ਕੇਸ ਦੇ ਵਾਅਦਾ ਮਾਫ਼ ਭਗਤ ਸਿੰਘ (ਲੁਧਿਆਣਾ) ਦੇ ਬਿਆਨ ਅਨੁਸਾਰ "ਦਿਲੀ ਰਕਾਬ ਗੰਜ ਗੁਰਦੁਆਰੇ ਦੀ ਕੰਧ ਢਾਹੁਣ ਦੇ ਮਾਮਲੇ ਪਿੱਛੋਂ ਭਾਈ ਰੰਧੀਰ ਸਿੰਘ ਨੇ ਏਸ ਕੁਰਬਾਨੀ ਨੂੰ ਵੱਡੀ ਜਾਬਰਾਨਾ ਕਾਰਵਾਈ ਵਜੋਂ ਦਰਸਾਇਆ ਤੇ ਉਸਨੂੰ ਕਿਹਾ ਕਿ ਉਹ ਆਪਣੀ ਭਾਸ਼ਣ ਯੋਗਤਾ ਰਾਹੀਂ ਲੋਕਾਈ ਨੂੰ ਸਰਕਾਰ ਵਿਰੁੱਧ ਭੜਕਾਉਂਦੇ ਹੋਏ ਅੰਗਰੇਜ਼ ਰਾਜ ਦਾ ਮਲੀਆਮੇਟ ਕਰਨ ਦੀ ਪ੍ਰੇਰਣਾ ਦੇਵੇ ਤਾਂ ਫਿਰ ਉਸਨੇ ਭਾਸ਼ਣਾ ਰਾਹੀਂ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਸਰਕਾਰ ਸਾਡੇ ਧਰਮ ਸਥਾਨ ਤਬਾਅ ਕਰ ਰਹੀ ਹੈ ਅਤੇ ਸਾਨੂੰ ਬਦਲੇ ਵਜੋਂ ਥਾਨਿਆਂ ਆਦਿ ਤੇ ਹੱਲਾ ਬੋਲ ਕੇ ਹਥਿਆਰ ਪ੍ਰਾਪਤ ਕਰਕੇ "ਗਦਰ" ਅਖਬਾਰ ਦੇ ਆਸੇ 'ਤੇ ਚਲਣਾ ਚਾਹੀਦਾ ਹੈ। ਕਾਮਾਗਾਟਾ ਮਾਰੂ ਦੀ ਵਾਪਸੀ ਤੇ (ਭਾਈ) ਰੰਧੀਰ ਸਿੰਘ ਨੇ ਮੈਨੂੰ ਦੱਸਿਆ ਕਿ "ਮੁਸਾਫਰਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਅਤੇ ਜਬਰ ਜ਼ੁਲਮ ਵਧਦਾ ਜਾ ਰਿਹੈ। ਨਾਲ ਹੀ ਇਹ ਝੂਠਾ ਪ੍ਰਚਾਰ ਕਰਨ ਲਈ ਵੀ ਕਿਹਾ ਕਿ ਜੰਗ ਦੇ ਮੈਦਾਨ ਵਿੱਚ ਜਿਥੇ ਹਿੰਦੋਸਤਾਨੀ ਲੋਕਾਂ ਨੂੰ ਸਭ ਤੋਂ ਮੂਹਰੇ ਮੌਤ ਦੇ ਮੂੰਹ ਵਿੱਚ ਝੋਕਿਆ ਜਾ ਰਿਹੈ, ਉਥੇ ਗੋਰੇ ਫੌਜੀਆਂ ਨੂੰ ਰੱਖ ਕੇ ਬਚਾਇਆ ਜਾ ਰਿਹਾ ਹੈ। ਨਾਲੇ ਮੈਨੂੰ ਬਾਹਰੋਂ ਪਰਤ ਰਹੇ ਗਦਰੀਆਂ ਦੇ ਵਾਪਸ ਪਹੁੰਚਣ ਤੇ ਗਦਰ ਲਈ ਤਿਆਰ ਰਹਿਣ ਲਈ ਕਿਹਾ।"

ਦੂਜੇ ਕੇਸ ਦੇ ਫੈਸਲੇ ਅਨੁਸਾਰ ਨਾਲ ਦੇ ਪਿੰਡ ਗੁਜ਼ਰਵਾਲ ਵਿਖੇ ਫਰਵਰੀ 1915 ਦੇ ਸ਼ੁਰੂ ਵਿੱਚ ਕੀਤੇ ਗਏ ਅਖੰਡਪਾਠ ਦੌਰਾਨ (ਭਾਈ) ਰੰਧੀਰ ਸਿੰਘ ਨੇ ਕਈ ਗਦਰੀਆਂ ਨੂੰ ਉਥੇ ਪਹੁੰਚਣ ਲਈ ਕਹਿ ਭੇਜਿਆ, ਜਿਥੇ ਰਾਤੀਂ ਛੱਤ ਉਪਰ ਖੁਫੀਆ ਮੀਟਿੰਗ ਕੀਤੀ ਗਈ, ਜਿਸ ਵਿੱਚ ਉਸ ਭਾਈ ਸਾਹਿਬ ਤੋਂ ਇਲਾਵਾ ਲਾਲ ਸਿੰਘ (ਨਾਰੰਗਵਾਲ) ਅਤਰ ਸਿੰਘ (ਚਕਵਾਲ-ਜਿਹਲਮ) ਇੰਦਰ ਸਿੰਘ (ਪਟਿਆਲਾ) ਕਰਮ ਸਿੰਘ

(ਕਟੋਲਾ-ਅਜਨੇਰ-ਲੁਧਿਆਣਾ) ਗਾਂਧਾ ਸਿੰਘ (ਕਚਰਭੰਨ-ਫਿਰੋਜ਼ਪੁਰ) ਉਤਮ ਸਿੰਘ (ਹਾਂਸ-ਲੁਧਿਆਣਾ) ਮਸਤਾਨ ਸਿੰਘ (ਨਾਰੰਗਵਾਲ) ਹਰਨਾਮ ਸਿੰਘ (ਗੁਜਰਵਾਲ) ਤੇ ਜਗਤ ਸਿੰਘ (ਗੁਜਰਵਾਲ) ਸ਼ਾਮਲ ਹੋਏ।

ਮਿਥੀ ਸਕੀਮ ਅਨੁਸਾਰ ਭਾਈ ਸਾਹਿਬ ਦਾ ਜਥਾ ਕੀਰਤਨੀ ਸਰੂਪ ਵਿੱਚ ਢੋਲਕ, ਹਰਮੋਨੀਅਮ ਲੈ ਕੇ ਮੁੱਲਾਂਪੁਰ ਦਾਖਾ ਤੋਂ ਗੱਡੀ 'ਤੇ ਸਵਾਰ ਹੋ ਕੇ ਸ਼ਾਮੀ ਮਿਥੀ ਜਗ੍ਹਾ 'ਤੇ ਫਿਰੋਜ਼ਪੁਰ ਛਾਉਣੀ ਦੇ ਅਸਲਾਖਾਨੇ 'ਤੇ ਕੀਤੇ ਜਾਣ ਵਾਲੇ ਹੱਲੇ ਵਿੱਚ ਸ਼ਾਮਲ ਹੋਣ ਦੇ ਮਕਸਦ ਨਾਲ ਪਹੁੰਚਿਆ, ਜੋ ਕਿ ਹਾਲਾਤ ਨੇ ਨੇਪਰੇ ਨਾ ਚੜ੍ਹਣ ਦਿੱਤਾ।

**(ੲ) ਫੌਜਾਂ ਵਿੱਚ ਕੰਮ—** ਕੁੱਲ ਮਿਲਾ ਕੇ, ਜਿਹੜੀ ਗਦਰੀਆਂ ਦੀ ਕਾਰਵਾਈ ਨੇ ਸਰਕਾਰ ਨੂੰ ਬੁਖਲਾ ਕੇ ਰੱਖ ਦਿੱਤਾ, ਉਹ ਸੀ ਫੌਜੀਆਂ ਨੂੰ ਗਦਰ ਲਈ ਤਿਆਰ ਕਰਨ ਦੇ ਉਪਰਾਲੇ ਤੇ ਇਸ ਵਿੱਚ ਫੌਜੀਆਂ ਵੱਲੋਂ ਮਿਲਿਆ ਹੁੰਗਾਰਾ। ਇਹਨਾਂ ਵਿੱਚ ਤਿੰਨ ਪ੍ਰਮੁਖ ਛਾਉਣੀਆਂ ਹਿੰਦੋਸਤਾਨ ਅੰਦਰ ਤੇ ਇਕ ਸਿੰਘਾਪੁਰ ਵਿੱਚ ਸੀ।

ਹਿੰਦੋਸਤਾਨ ਅੰਦਰ ਮੀਆਂ ਮੀਰ (ਲਾਹੌਰ), ਫਿਰੋਜ਼ਪੁਰ (ਮਾਲਵਾ) ਤੇ ਮੇਰਠ ਵੱਡੇ ਕੇਂਦਰ ਸਨ।

1. **ਮੀਆਂ ਮੀਰ ਲਾਹੌਰ**— ਇਥੇ 23 ਨੰਬਰ ਰਸਾਲਾ ਗਦਰੀਆਂ ਦਾ ਅੱਡਾ ਸੀ। ਦਿਲਚਸਪ ਗੱਲ ਇਹ ਹੈ ਕਿ ਇਹ ਪਲਟਣ ਲਾਹੌਰ ਵਿੱਚ ਹੀ ਹੋਣ ਕਰਕੇ ਗਦਰੀਆਂ ਦਾ ਇਥੇ ਕਾਫੀ ਆਉਣ ਜਾਣ ਸੀ ਤੇ ਇਕ ਵਾਰੀ ਇਸ ਪਲਟਣ ਦੇ ਕੁਝ (ਗਦਰੀ) ਘੋੜਸਵਾਰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਝਾੜ ਸਾਹਿਬ ਦੀ ਕਾਰਵਾਈ ਲਈ ਵੀ ਗਏ ਸੀ। ਇਹ 27 ਨਵੰਬਰ 1914 ਦਾ ਵਾਕਿਆ ਹੈ। 19 ਫਰਵਰੀ ਦੇ ਗਦਰ ਲਈ ਪਲਟਣ ਦੇ ਘੱਟੋ ਘੱਟ 50-60 ਫੌਜੀ ਗਦਰ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਲਈ ਤਿਆਰ ਸਨ, ਪਰ ਅਚਨਚੇਤ 18 ਫਰਵਰੀ ਸ਼ਾਮੀ 7 ਵਜੇ ਸਾਰੀ ਪਲਟਣ ਨੂੰ "ਫਾਲ ਇਨ" (Fall in) ਕਰਕੇ ਅਸਲਾ ਖਾਨੇ ਤੇ ਅੰਗਰੇਜ਼ੀ ਫੌਜ ਦਾ ਪਹਿਰਾ ਲਾ ਦਿੱਤਾ ਗਿਆ। ਪਲਟਣ ਦੇ ਗਦਰੀ ਆਗੂ ਦਫੇਦਾਰ ਲਛਮਣ ਸਿੰਘ ਨੇ ਇਕ ਸਾਥੀ 19 ਫਰਵਰੀ ਸ਼ਾਮ ਨੂੰ ਪਹਿਲਾਂ ਮਿਥੇ ਵਕਤ -ਸਥਾਨ 'ਤੇ ਭੇਜਿਆ ਕਿ ਉਥੇ ਪਹੁੰਚਣ ਵਾਲੇ ਗਦਰੀਆਂ ਨੂੰ ਸੁਚੇਤ ਕਰ ਦੇਣ। ਅਸਲ ਵਿੱਚ ਤਾਂ ਸਾਰੀ ਖੇਡ ਹੀ ਚੌਪਟ ਹੋ ਚੁੱਕੀ ਸੀ। ਖ਼ੈਰ! ਤਫਤੀਸ਼ ਦੌਰਾਨ ਇਹ ਪਤਾ ਲੱਗਾ ਕਿ ਇਹਨਾਂ ਗਦਰੀਆਂ ਨੇ ਬੰਬ ਵੀ ਤਿਆਰ ਕੀਤੇ ਹੋਏ ਸੀ।

ਇਹ ਸਾਰਾ ਕੁਝ ਵਾਪਰਦਾ ਰਿਹਾ, ਪਰ ਸਰਕਾਰ ਨੂੰ ਇਸ ਬਾਰੇ ਕੁਝ ਵੀ ਸੂਹ ਨਹੀਂ ਸੀ। ਆਖਿਰ ਭਾਂਡਾ ਭੱਜਿਆ 12 ਮਈ 1915 ਨੂੰ ਜਦੋਂ ਇਸ ਪਲਟਣ ਨੂੰ ਜੰਗ ਵਿੱਚ ਭੇਜਿਆ ਜਾ ਰਿਹਾ ਸੀ। ਮੱਧ ਪ੍ਰਦੇਸ਼ ਵਿੱਚ ਹਰਪਾਲਪੁਰ ਰੇਲਵੇ ਸਟੇਸ਼ਨ ਤੋਂ ਸਮਾਨ ਉਤਾਰਿਆ ਜਾ ਰਿਹਾ ਸੀ ਜੋ ਪਲਟਣ ਦੇ ਨਾਲ ਹੀ ਨੌਗਾਂਗ ਜਾਣਾ ਸੀ। ਜਦੋਂ ਸਮਾਨ ਗੱਡੀ 'ਚੋਂ ਲਾਹ ਕੇ ਰੇਹੜੇ 'ਤੇ ਰੱਖਿਆ ਜਾ ਰਿਹਾ ਸੀ ਤਾਂ ਪੂਰਨ ਸਿੰਘ ਦੇ ਸੰਦੂਕ ਵਿੱਚ ਰੱਖਿਆ ਬੰਬ ਫਟ ਗਿਆ ਜਿਸ ਨਾਲ 5 ਫੌਜੀ ਜ਼ਖ਼ਮੀ ਹੋ ਗਏ। ਤੇ ਫੇਰ ਪੈ ਗਈਆਂ ਭਾਜੜਾਂ ਤੇ ਹੋਈਆਂ ਤਫਤੀਸ਼ਾਂ ਅੰਤ ਡਗਸ਼ਈ (ਹਿਮਾਚਲ) ਵਿਖੇ ਕੋਰਟ ਮਾਰਸ਼ਲ ਕਰਕੇ ਪਹਿਲਾਂ 18 ਫੌਜੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਪਰ ਪਿੱਛੋਂ ਛਿਆਂ ਨੂੰ ਸਜਾ ਘਟਾ ਕੇ ਉਮਰ ਕੈਦ-ਕਾਲੇ ਪਾਣੀ ਵਿੱਚ ਬਦਲ ਦਿੱਤੀ ਗਈ। 12 ਗਦਰੀਆਂ ਨੂੰ 3-9-1915 ਨੂੰ ਅੰਬਾਲਾ ਸੈਂਟਰਲ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਬਾਕੀ ਗਦਰੀਆਂ ਦਾ ਚੁੱਪ-ਚਾਪ ਜੇਲ੍ਹ ਵਿੱਚ ਹੀ ਅੰਤਮ ਸਸਕਾਰ ਕਰ ਦਿੱਤਾ ਗਿਆ।

2. **26 ਪੰਜਾਬ ਰਜਮੈਂਟ ਫਿਰੋਜ਼ਪੁਰ (ਮਾਲਵਾ)** — ਇਹ ਪਲਟਣ ਜਦੋਂ 1913-14 ਦੌਰਾਨ ਹਾਂਗਕਾਂਗ ਸੀ ਤਾਂ ਇਹਦੇ ਕਾਫੀ ਸਾਰੇ ਸਿਪਾਹੀ ਉਥੋਂ ਦੇ ਗੁਰਦੁਆਰੇ ਜਾਂਦੇ ਤੇ ਉਥੇ ਗਿਆਨੀ ਭਗਵਾਨ ਸਿੰਘ ਜੋ ਉਥੇ ਗ੍ਰੰਥੀ ਸਨ ਦੇ ਜੁਸ਼ੀਲੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਗਦਰ ਲਹਿਰ ਦੇ ਹਮਦਰਦ ਬਨਣ ਲੱਗ ਪਏ। ਇਸ ਲਈ ਪਲਟਣ ਨੂੰ ਵਾਪਸ ਹਿੰਦੋਸਤਾਨ ਪਹਿਲਾਂ ਕਰਾਚੀ ਤੇ ਅੰਤ ਫਿਰੋਜ਼ਪੁਰ ਭੇਜ ਦਿੱਤਾ ਗਿਆ।

23 ਨੰਬਰ ਰਸਾਲੇ ਵਾਂਗ ਹੀ ਇਥੇ ਗਦਰੀਆਂ ਦਾ ਆਉਣ ਜਾਣ ਸੀ, ਖਾਸ ਕਰਕੇ ਸਰਾਭੇ ਦਾ। ਪਰ ਸਰਕਾਰ ਨੂੰ ਇਹਦੀ ਸੂਹ ਗਦਰ ਦੀ ਤਰੀਕ ਤੋਂ ਕੇਵਲ 2 ਕੁ ਦਿਨ ਪਹਿਲਾਂ ਹੀ ਮਿਲੀ, ਜਿਸ 'ਤੇ ਫੌਰੀ ਅਮਲ ਕਰਦਿਆਂ ਕਮਾਨ ਅਫਸਰ ਨੇ 5 ਸਿਪਾਹੀਆਂ ਨੂੰ ਜਿਨ੍ਹਾਂ ਵਿੱਚ ਕਿਰਪਾ ਸਿੰਘ(ਲੌਂਗਮਾਜਰੀ-ਹੁਸ਼ਿਆਰਪੁਰ), ਹਰਨਾਮ ਸਿੰਘ (ਕਾਲਾ ਸੰਘਿਆ-ਕਪੂਰਥਲਾ) ਤੇ ਝੁਮਣ ਸਿੰਘ (ਕਲੇਰ-ਜਲੰਧਰ) ਸ਼ਾਮਲ ਸਨ, ਬਰਖਾਸਤ ਕਰਕੇ 19 ਫਰਵਰੀ ਸਵੇਰੇ ਗੱਡੀ ਚੜ੍ਹਾ ਦਿੱਤਾ ਗਿਆ, ਜਿਨ੍ਹਾਂ ਵਿੱਚੋਂ ਕਿਰਪਾ ਸਿੰਘ ਤਾਂ ਫੀਰੂਸ਼ਾਹ ਦੇ ਸਟੇਸ਼ਨ ਤੋਂ ਹੀ ਉਤਰਕੇ ਵਾਪਸ ਫਿਰੋਜ਼ਪੁਰ ਆ ਗਿਆ। ਏਸ ਪਲਟਣ ਵਿੱਚ ਕੀ ਕੁਝ ਵਾਪਰਦਾ ਰਿਹਾ ਸੀ? ਇਸ ਬਾਰੇ ਪਰਦਾ ਉਦੋਂ ਫਾਸ਼ ਹੋਇਆ, ਜਦੋਂ ਦੂਜੇ ਕੇਸ ਦੌਰਾਨ ਵਾਅਦਾ ਮਾਫ ਗਵਾਹਾਂ ਨੇ ਭੇਤ ਖੋਲ੍ਹੇ। (ਬਾਬਾ) ਹਰਨਾਮ ਸਿੰਘ ਤੇ (ਬਾਬਾ) ਕਿਰਪਾ ਸਿੰਘ ਦੋਹਾਂ ਨੂੰ ਉਮਰ ਕੈਦ – ਜਾਇਦਾਦ ਜਬਤੀ ਦੀ ਸਜ਼ਾ ਸੁਣਾਈ ਗਈ।

3. **12 ਨੰਬਰ ਰਸਾਲਾ-ਮੇਰਠ—** ਏਸ ਪਲਟਣ ਵਿੱਚ ਮਲਵਈ ਯੋਧੇ ਕਰਤਾਰ ਸਿੰਘ ਸਰਾਭਾ ਤੇ ਪਿੰਗਲੇ ਦਾ ਆਉਣ ਜਾਣ ਸੀ। ਏਸ ਪਲਟਣ ਵਿੱਚ ਓਹਨਾਂ ਦਾ ਸੰਪਰਕ ਈਸ਼ਰ ਸਿੰਘ ਨਾਲ ਹੋਇਆ, ਜਿਹੜਾ ਪਾਰਟੀ ਦਾ ਹਮਦਰਦ ਬਣ ਕੇ ਹੋਰ ਸਾਥੀਆਂ ਨੂੰ ਨਾਲ ਜੋੜਨ ਲੱਗ ਗਿਆ। ਇਸ ਪਲਟਣ ਦੇ ਰਿਹਾਇਸ਼ੀ ਕੁਆਟਰਾਂ ਵਿੱਚ 24 ਮਾਰਚ 1915 ਨੂੰ 10 ਬੰਬ ਫੜ੍ਹੇ ਗਏ, ਜਿਸ ਤੋਂ ਸਾਰਾ ਭੇਦ ਖੁੱਲ੍ਹਿਆ।

4. **ਸਿੰਘਾਪੁਰ-ਪੰਜ ਨੰਬਰ ਲਾਈਟ ਇਨਫੈਂਟਰੀ ਦਾ ਵਿਦਰੋਹ—**ਇਸ ਪਲਟਣ ਨੇ ਗਦਜਲ ਪਾਰਟੀ ਦੀ ਨੀਤੀ ਅਨੁਸਾਰ ਵਿਧਰੋਹ ਦੀ ਸਕੀਮ ਬਣਾ ਰੱਖੀ ਸੀ, ਜਿਸ ਦਾ ਗਦਰ ਪਾਰਟੀ ਲੀਡਰਸ਼ਿਪ ਨਾਲ ਸਿੱਧਾ ਸੰਪਰਕ ਨਹੀਂ ਸੀ। ਇਹਨਾਂ ਆਪਣੇ ਤੌਰ 'ਤੇ ਹੀ 15 ਫਰਵਰੀ 1915 ਸ਼ਾਮ

ਨੂੰ 8 ਵਜੇ ਜਦੋਂ ਸਾਰੇ ਅਫਸਰ ਖਾਣੇ ਉਤੇ ਬੈਠ ਜਾਂਦੇ ਸੀ, ਗਦਰ ਕਰਨ ਦਾ ਸਮਾਂ ਨਿਸ਼ਚਿਤ ਕੀਤਾ ਸੀ। ਪਰ ਅਚਾਨਕ ਪਲਟਣ ਨੂੰ 15 ਫਰਵਰੀ ਸਵੇਰੇ ਹੁਕਮ ਆ ਗਿਆ ਕਿ ਪਲਟਣ ਅਗਲੇ ਦਿਨ ਹਾਂਗਕਾਂਗ ਜਾ ਰਹੀ ਹੈ। ਜਿਸ ਸਬੰਧ ਵਿੱਚ ਪਲਟਣ ਦੇ ਸਾਰੇ ਹਥਿਆਰ ਤੇ ਗੋਲੀ ਸਿੱਕਾ 15 ਦੀ ਸ਼ਾਮ ਨੂੰ ਸਟੋਰ ਵਿੱਚ ਜਮ੍ਹਾਂ ਕਰਾਉਣੇ ਸੀ। ਸਿਪਾਹੀਆਂ ਨੂੰ ਪਤਾ ਸੀ ਕਿ ਜੇ ਅਜਿਹਾ ਹੋ ਗਿਆ ਉਹ ਗਦਰ ਨਹੀਂ ਕਰ ਸਕਣਗੇ ਤਾਂ ਉਹਨਾਂ ਨੂੰ ਮਿੱਥੇ ਟੀਚੇ ਤੋਂ ਪਹਿਲਾਂ ਹੀ ਗਦਰ ਕਰਨਾ ਪੈ ਗਿਆ। ਇਹਨਾਂ ਨੇ ਲਗਦੀ ਵਾਹੇ ਜਿਨ੍ਹਾਂ ਕੁ ਨੁਕਸਾਨ ਇਹ ਫੌਜੀ ਅਫਸਰਾਂ, ਜੰਗੀ ਸਾਜੋ ਸਮਾਨ ਆਦਿ ਨੂੰ ਪੁਚਾ ਸਕਦੇ ਸੀ, ਪੁਚਾਇਆ ਤੇ ਸਰਕਾਰ ਬਾਹਰੋਂ ਕਮਾਨ (ਕਮਕ) ਮੰਗਵਾ ਕੇ ਬੜੀ ਮੁਸ਼ਕਲ ਨਾਲ 18 ਫਰਵਰੀ ਸ਼ਾਮ ਨੂੰ ਵਿਧਰੋਹ ਨੂੰ ਕੁਚਲਣ ਵਿੱਚ ਕਾਮਯਾਬ ਹੋਈ।

**ਸਜ਼ਾਵਾਂ—** ਕੋਰਟ ਮਾਰਸ਼ਲ ਕਰਕੇ 44 ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਜਿਨ੍ਹਾਂ ਵਿੱਚੋਂ ਤਿੰਨ ਨੂੰ ਫਾਂਸੀ ਤੇ 41 ਨੂੰ ਸ਼ਰ੍ਹੇਆਮ ਥੰਮਲਿਆਂ ਨਾਲ ਬੰਨ੍ਹ ਕੇ ਗੋਲੀਆਂ ਨਾਲ ਉੱਡਾ ਦਿੱਤਾ ਗਿਆ। 63 ਨੂੰ ਉਮਰ ਕੈਦ, 34 ਨੂੰ 15 ਤੋਂ 20 ਸਾਲ ਕੈਦ, 34 ਨੂੰ ਦਸ-ਦਸ ਸਾਲ, 10 ਨੂੰ ਸੱਤ-ਸੱਤ ਸਾਲ ਤੇ 10 ਨੂੰ 5 ਸਾਲ ਤੋਂ ਘੱਟ ਬਾ-ਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਗਈ।

ਇਹਨਾਂ 3 ਛਾਉਣੀਆਂ ਤੋਂ ਇਲਾਵਾ ਹੋਰ ਕਈਆਂ ਪਲਟਣਾਂ ਵਿੱਚ ਵਿਧਰੋਹ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਫੈਜ਼ਾਬਾਦ ਤੇ ਬਨਾਰਸ ਵੀ ਸ਼ਾਮਲ ਸਨ।

## ਫੈਸਲਾਕੁੰਨ ਮੌਕਾ-19 ਫਰਵਰੀ 1915

ਵੱਖੋ ਵੱਖ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਪਾਰਟੀ ਆਗੂਆਂ ਨੇ 12-2-1915 ਨੂੰ ਲਾਹੌਰ ਹੈੱਡਕੁਆਰਟਰ ਵਿੱਚ ਮੀਟਿੰਗ ਕਰਕੇ 21 ਫਰਵਰੀ ਨੂੰ ਗਦਰ ਕਰਨਾ ਤੈਅ ਕੀਤਾ। ਤਦ ਅਨੁਸਾਰ ਸਾਰੀ ਥਾਂਈਂ ਸੁਨੇਹੇ ਭੇਜ ਦਿੱਤੇ ਗਏ ਤੇ ਨਾਲ ਹੀ ਗਦਰ ਦੇ ਸ਼ੁਰੂ ਦੇ ਸੰਕੇਤ ਵੀ ਮਿੱਥ ਲਏ ਗਏ ਤਾਂ ਕਿ ਹਰ ਥਾਂ ਇਕੋ ਵੇਲੇ ਵਿਦਰੋਹ ਸ਼ੁਰੂ ਹੋਵੇ, ਪਰ ਮੰਦੇ ਭਾਗਾਂ ਨੂੰ ਕਿਰਪਾਲ ਸਿੰਘ ਨਾਮੀ ਗੱਦਾਰ ਨੇ ਜੋ ਸੀ.ਆਈ.ਡੀ. ਦਾ ਏਜੰਟ ਸੀ, ਮੁਖਬਰੀ ਕਰਨ ਦੇ ਮਕਸਦ ਨਾਲ ਹੀ ਪਾਰਟੀ ਮੈਂਬਰ ਬਣ ਗਿਆ ਹੋਇਆ ਸੀ, ਪੁਲਿਸ ਨੂੰ ਇਸ ਦੀ ਸੂਹ ਦੇ ਦਿੱਤੀ। ਪਰ ਪਾਰਟੀ ਤੋਂ ਵੀ ਇਹ ਲੁਕਿਆ ਨਾ ਰਹਿ ਸਕਿਆ। ਸੋ ਪਾਰਟੀ ਆਗੂਆਂ ਨੇ 16-17 ਫਰਵਰੀ ਨੂੰ ਦੁਬਾਰਾ ਮੀਟਿੰਗ ਕਰਕੇ ਗਦਰ ਦੀ ਤਾਰੀਖ 2 ਦਿਨ ਅਗਾਊਂ ਭਾਵ 19 ਫਰਵਰੀ ਮਿਥ ਕੇ ਲੋੜੀਂਦੀ ਸੂਚਨਾ ਸਾਰੇ ਥਾਈਂ ਪੁਚਾ ਦਿੱਤੀ। ਮਾਲਵੇ 'ਚੋਂ (ਬਾਬਾ) ਹਰਭਜਨ ਸਿੰਘ (ਚਮਿੰਡਾ-ਲੁਧਿਆਣਾ) ਜੋ ਮਾਲਵੇ ਦੇ ਭਾਈ ਰੰਧੀਰ ਸਿੰਘ ਦੇ ਜਥੇ ਵਿੱਚ ਸ਼ਾਮਲ ਸਨ, ਅਨੁਸਾਰ ਭਾਈ ਸਾਹਿਬ ਨੂੰ ਨਵੀਂ ਮਿਤੀ ਦੀ ਸੂਚਨਾ ਖੁਦ ਕਰਤਾਰ ਸਿੰਘ ਸਰਾਭੇ ਨੇ ਆ ਕੇ ਦਿੱਤੀ ਸੀ, ਜਦੋਂ ਜਥਾ ਪਿੰਡ ਗਿੱਲ ਤੋਂ ਢੰਡਾਰੀ ਵੱਲ ਜਾਂਦੇ ਰਸਤੇ 'ਤੇ ਪੈਦਲ ਜਾ ਰਿਹਾ ਸੀ, ਪਰ ਗਦਾਰ ਕਿਰਪਾਲ ਸਿੰਘ ਦੇ ਕੰਨੀ ਜਿਵੇਂ ਕਿਵੇਂ ਇਸ ਦੀ ਭਿਣਕ ਵੀ ਪੈ ਗਈ (ਭਾਵੇਂ ਕਿ ਉਸ ਵੇਲੇ ਤੱਕ ਓਹ ਸ਼ੱਕ ਦੇ ਦਾਇਰੇ ਵਿੱਚ ਆ ਚੁੱਕਿਆ ਸੀ) ਉਸਨੇ ਪੁਲਿਸ ਨੂੰ ਸੂਚਨਾ ਦੇ ਦਿੱਤੀ।

ਪੁਲਿਸ ਨੇ 19 ਸਵੇਰੇ ਲਾਹੌਰ ਪਾਰਟੀ ਹੈੱਡਕੁਆਰਟਰ ਤੇ ਛਾਪਾ ਮਾਰ ਕੇ 7 ਗਦਰੀ, ਕੁਝ ਬੰਬ, ਝੰਡੇ ਤੇ ਹੋਰ ਹਥਿਆਰ ਵਗੈਰਾ ਬਰਾਮਦ ਕੀਤੇ। ਪਰ ਜਿਵੇਂ ਉਪਰ ਜ਼ਿਕਰ ਆਇਆ ਹੈ ਰਾਸ ਬਿਹਾਰੀ ਬੋਸ ਬਚ ਨਿਕਲਣ ਵਿੱਚ ਸਫਲ ਹੋ ਗਿਆ। ਬਹੁਤ ਸਾਰੇ ਗਦਰੀ ਜਿਨ੍ਹਾਂ ਵਿੱਚ ਮਾਲਵੇ ਦੇ ਭਾਈ ਰੰਧੀਰ ਸਿੰਘ ਦਾ ਜਥਾ ਪ੍ਰਮੁੱਖ ਸੀ, ਫਿਰੋਜ਼ਪੁਰ ਛਾਉਣੀ ਦੇ ਬਾਹਰਵਾਰ ਇਕੱਠੇ ਹੋਏ 'ਤੇ ਸਰਾਭਾ, ਉਹਨਾਂ ਨੂੰ ਇਹ ਕਹਿ ਕੇ ਗਿਆ ਕਿ ਉਹ ਪਲਟਣ ਵਿੱਚ ਸਭ ਕੁਝ ਤਹਿ ਕਰਕੇ ਵਾਪਸ ਆਵੇਗਾ ਤਾਂ ਫਿਰ ਅਗਲੇਰੀ ਕਾਰਵਾਈ ਹੋਵੇਗੀ। ਪਰ ਜਦੋਂ ਸਰਾਭੇ ਨੇ ਜਾ ਕੇ ਛਾਉਣੀ ਅੰਦਰ ਦੇ ਹਾਲਾਤ ਵੇਖੇ ਉਸਨੇ ਫੋਰਨ ਭਾਂਪ ਲਿਆ ਕਿ ਮੌਕਾ ਹੱਥੋਂ ਜਾ ਚੁੱਕਾ ਹੈ। ਭਰੇ ਮਨ ਨਾਲ ਵਾਪਸ ਆ ਕੇ ਸਾਰਿਆਂ ਨੂੰ ਦੱਸ ਦਿੱਤਾ ਕਿ ਖੇਡ ਚੌਪਟ ਹੋ ਗਈ ਹੈ, ਇਸ ਲਈ ਸਾਰੇ ਆਪੋ ਆਪਣੇ ਰਾਅ ਪੈ ਜਾਣ।

## ਸਰਕਾਰੀ ਦਮਨ

ਬਸ ਫਿਰ ਕੀ ਸੀ, ਪੰਜਾਬ ਦੇ ਗਵਰਨਰ ਸਰ-ਮਾਈਕਲ-ਉਡਵਾਇਰ ਨੇ ਦਿੱਲੀ ਸਰਕਾਰ ਨੂੰ ਇਸ਼ਾਰਾ ਕੀਤਾ ਕਿ ਅਜਿਹੀ ਵਿਵਸਥਾ ਕੀਤੀ ਜਾਵ ਕਿ ਕੋਈ ਵੀ ਗਦਰੀ ਬਚ ਨਾ ਸਕੇ। ਵੱਡੀ ਜੰਗ ਲੱਗੀ ਹੋਈ ਸੀ, ਸਰਕਾਰ ਨੂੰ ਵੈਸੇ ਹੀ ਪਿਸੂ ਪਏ ਹੋਏ ਸਨ ਜੋ ਡੀਫੈਂਸ ਆਫ ਇੰਡੀਆ ਨਿਯਮਾਂ ਅਧੀਨ ਇਕ ਤਿੰਨ ਮੈਂਬਰੀ ਟ੍ਰਿਬਿਊਨਲ ਦਾ ਗਠਨ ਕੀਤਾ ਗਿਆ, ਜਿਨ੍ਹਾਂ ਵਿੱਚ 2 ਅੰਗਰੇਜ਼ ਜੱਜ ਤੇ ਇਕ ਦੇਸੀ ਵਕੀਲ ਨਿਯੁਕਤ ਕੀਤੇ ਗਏ। ਇਸ ਅਦਾਲਤ ਤੇ ਕਿਸੇ ਤਰ੍ਹਾਂ ਦੀ ਕਾਰਵਾਈ ਕਰਨ 'ਤੇ ਕੋਈ ਰੋਕ ਲਗਾਮ ਨਹੀਂ ਸੀ। ਇਸਦੀ ਕਾਰਜਸ਼ੈਲੀ ਬਾਰੇ ਆਮ ਜਨਤਾ ਦੇ ਮੂੰਹ 'ਤੇ ਚੜ੍ਹ ਗਿਆ—

**"ਨਾ ਵਕੀਲ, ਨਾ ਦਲੀਲ ਤੇ ਨਾ ਅਪੀਲ"**

ਪਹਿਲੇ ਕੇਸ ਦੀ ਹਮਾਇਤ ਦੌਰਾਨ ਹੀ ਪੰਜਾਬ ਗਵਰਨਰ ਨੇ, ਇਹਨਾਂ ਜੱਜਾਂ ਨੂੰ ਸੰਕੇਤ ਦਿੱਤਾ ਕਿ ਜਿੰਨੇ ਹੋ ਕੇ ਸਕੇ ਫਾਂਸੀ ਟੰਗ ਦਿਉ, ਤੁਹਾਡੇ ਤੇ ਕੋਈ ਪਾਬੰਦੀ ਨਹੀਂ ਹੈ। ਤਾਂ ਫਿਰ ਪਹਿਲੇ ਕੇਸ ਦੇ 61 ਦੋਸ਼ੀਆਂ ਵਿੱਚੋਂ ਜਿਨ੍ਹਾਂ ਵਿੱਚ 19 ਮਲਵਈ ਸ਼ਾਮਲ ਸਨ, ਵਿਚੋਂ 24 ਨੂੰ ਫਾਂਸੀ, 34 ਨੂੰ ਉਮਰ ਕੈਦ, ਕਾਲੇ ਪਾਣੀ, 16 ਨੂੰ ਲੰਮੀਆਂ ਕੈਦਾਂ ਤੇ ਕੇਵਲ 4 ਨੂੰ ਹੀ ਬਰੀ ਕੀਤਾ ਗਿਆ। ਇਹ ਵੱਖਰੀ ਗੱਲ ਹੈ ਕਿ ਇਸ ਫੈਸਲੇ

ਨੇ ਕਈ ਦੇਸ਼ ਹਿਤੈਸ਼ੀਆਂ ਦੀ ਜ਼ਮੀਰ ਨੂੰ ਹਲੂਣਿਆਂ ਤੇ ਕੁਝ ਕੁ ਪੁਲਿਸ ਹਸਤੀਆਂ, ਜਿਨ੍ਹਾਂ ਵਿੱਚ ਮੋਤੀ ਲਾਲ ਨਹਿਰੂ ਵੀ ਸ਼ਾਮਲ ਸਨ, ਵਾਇਸਰਾਏ ਲਾਰਡ-ਹਾਰਡਿੰਗ ਨੂੰ ਮਿਲੇ ਤੇ ਦੱਸਿਆ ਕਿ ਇਹਨਾਂ ਚੌਵੀਆਂ ਵਿੱਚ (ਬਾਬਾ) ਸੋਹਨ ਸਿੰਘ ਭਕਨਾ ਵਰਗੇ ਵੀ ਹਨ, ਜਿਨ੍ਹਾਂ ਨੂੰ ਕਲਕੱਤੇ ਜਹਾਜ਼ ਤੋਂ ਉਤਰਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਐ, ਉਹਨਾਂ ਤੇ ਦੇਸ਼ ਦੀ ਜੂਹ ਵਿੱਚ ਆ ਕੇ ਕੋਈ ਜੁਰਮ ਹੀ ਨਹੀਂ ਕੀਤਾ। ਵਾਇਸਰਾਏ ਨੂੰ ਉਹਨਾਂ ਦੀ ਗੱਲ ਜੱਚ ਗਈ ਤੇ ਭਾਵੇਂ ਕਾਨੂੰਨ ਅਨੁਸਾਰ ਸਜ਼ਾ ਮਾਫੀ ਦਾ ਅਧਿਕਾਰ ਕੇਵਲ ਪੰਜਾਬ ਸਰਕਾਰ ਤੱਕ ਹੀ ਸੀਮਤ ਸੀ, ਦਿੱਲੀ ਸਰਕਾਰ ਨੇ ਸਾਰਾ ਰਿਕਾਰਡ ਤਲਬ ਕਰ ਲਿਆ। ਕਾਨੂੰਨੀ ਵਜ਼ੀਰ ਸਰ-ਅਲੀ-ਇਮਾਮ ਨੂੰ ਘੋਖ ਕਰਨ ਲਈ ਕਿਹਾ ਗਿਆ। ਜਿਨ੍ਹਾਂ ਡੂੰਘੀ ਖੋਜ ਪੜਤਾਲ ਕਰਕੇ ਸਿੱਧ ਕੀਤਾ ਕਿ ਇਹਨਾਂ ਵਿੱਚੋਂ ਤੁਸੀਂ ਕੇਵਲ ਸੱਤਾਂ ਨੂੰ ਫਾਂਸੀ ਲਾ ਸਕਦੇ ਹੋ। ਵਾਇਸਰਾਏ ਨੇ ਸਾਰੇ ਅੰਗਰੇਜ਼ ਵਜੀਰਾਂ ਦੀ ਰਾਏ ਨੂੰ ਅਣਗੌਲਿਆ ਕਰਦਿਆਂ ਤੇ ਇਕ ਹੋਰ ਹਿੰਦੁਸਤਾਨੀ ਵਜੀਰ ਸਰ-ਸੰਕਕਰਨ-ਨਇਰ ਦੀ ਸਹਿਮਤੀ ਨਾਲ 17 ਦੀ ਫਾਂਸੀ ਦੀ ਸਜ਼ਾ ਘਟਾ ਕੇ ਉਮਰ ਕੈਦ ਕਾਲੇ ਪਾਣੀ ਕਰ ਦਿੱਤੀ।

ਸਮੁੱਚੇ 18 ਮੁਕੱਦਮਿਆਂ ਦੇ ਅੰਕੜਿਆਂ ਵਿਚੋਂ ਮਾਲਵੇ ਦੇ ਪੂਰੇ ਅੰਕੜੇ ਪਿੱਛੇ ਦਿੱਤੇ ਗਏ ਹਨ।

## ਅੰਡੇਮਾਨ ਦਾ ਕੁੰਭੀ ਨਰਕ

ਬਾਬਾ ਸੋਹਨ ਸਿੰਘ ਭਕਨਾ ਅਨਸਾਰ, **"ਸੱਚੇ ਇਨਕਲਾਬੀ ਦੇ ਸਾਹਮਣੇ ਚਾਹੇ ਉਹ ਬਾਹਰ ਹੋਵੇ ਜਾਂ ਜੇਲ੍ਹ ਦੇ ਅੰਦਰ, ਕੰਮ ਕਦੇ ਖ਼ਤਮ ਨਹੀਂ ਹੁੰਦਾ ਕਿਉਂਕਿ ਉਹਦਾ ਮੁਕਾਬਲਾ ਗੁਲਾਮੀ ਤੇ ਅਨਿਆਂ ਨਾਲ ਹੁੰਦਾ ਹੈ।"**

ਸੋ ਦਸੰਬਰ 1914 ਵਿੱਚ ਜਦੋਂ ਪਹਿਲੇ ਕੇਸ ਦੇ ਉਮਰ ਕੈਦੀਆਂ ਨੂੰ ਕਾਲੇ ਪਾਣੀ ਭੇਜਿਆ ਜਾ ਰਿਹਾ ਸੀ ਤਾਂ ਉਹਨਾਂ ਨੂੰ ਭਲੀ ਭਾਂਤ ਪਤਾ ਸੀ ਕਿ ਇਹ ਅਜਿਹਾ ਕੁੰਭੀ ਨਰਕ ਹੈ ਕਿ ਜਿਥੋਂ ਬਾਹਰ ਵੀ ਕੋਈ ਫਰਿਆਦ ਨਹੀਂ ਭੇਜੀ ਜਾ ਸਕਦੀ। ਸੋ ਉਹਨਾਂ ਤਹਿ ਕਰ ਲਿਆ ਕਿ ਅਸੀਂ ਕਿਸੇ ਜੇਲ੍ਹ ਨਿਯਮ ਦੀ ਉਲੰਘਣਾ ਨਹੀਂ ਕਰਨੀ ਤੇ ਜੇਲ੍ਹ ਕਰਮਚਾਰੀਆਂ ਨਾਲ ਨਿਯਮਾਂ ਅਨੁਸਾਰ ਮੁਨਾਸਬ ਵਰਤਾਉ ਕਰਨਾ ਹੈ, ਪਰ ਜੇ ਇਸਦੇ ਬਾਵਜੂਦ ਸਾਡੇ ਵਿਚੋਂ ਕਿਸੇ ਨਾਲ ਨਿਰਾਦਰੀ ਭਰਿਆ ਸਲੂਕ ਕੀਤਾ ਜਾਏ ਤਾਂ ਅਸੀਂ ਸਾਰੇ ਡਟ ਕੇ ਮੁਕਾਬਲਾ ਕਰਾਂਗੇ ਤੇ ਫਿਰ ਹੋਇਆ ਵੀ ਇਹੋ ਹੀ, ਭੁੱਖ ਹੜਤਾਲਾਂ ਹੋਈਆਂ, ਮਾਰ ਕੁਟਾਈ ਤੋਂ ਲੈ ਕੇ ਡੰਡੇ ਬੇੜੀਆਂ ਦੀਆਂ ਛੇ-ਛੇ ਮਹੀਨੇ ਦੀਆਂ ਸਜਾਵਾਂ ਦੇ ਮਹੌਲ ਵਿੱਚ ਗਦਰੀਆਂ ਨੇ ਆਪਣੇ 8 ਸਾਥੀ ਸ਼ਹੀਦ ਕਰਾਏ, ਪਰ ਪਿੱਛਾਂ ਨਹੀਂ ਹਟੇ।

ਨਤੀਜਾ ਇਹ ਹੋਇਆ ਕਿ 30 ਮਾਰਚ 1916 ਪਿੱਛੋਂ ਦੂਜੇ ਲਾਹੌਰ ਸਾਜਸ ਕੇਸ ਦੇ ਉਮਰ ਕੈਦੀਆਂ ਨੂੰ ਅੰਡੇਮਾਨ ਭੇਜਣ ਦੀ ਤਜਵੀਜ ਕਾਲੇ ਪਾਣੀ ਦੇ ਅਧਿਕਾਰੀਆਂ ਵੱਲ ਪਹੁੰਚੀ ਤਾਂ ਉਹਨਾਂ ਹੱਥ ਖੜ੍ਹੇ ਕਰ ਦਿੱਤੇ ਕਿ ਅਸੀਂ ਇਹਨਾਂ ਨੂੰ ਨਹੀਂ ਰੱਖ ਸਕਦੇ। ਇਥੇ ਹੀ ਬੱਸ ਨਹੀਂ ਗਦਰੀਆਂ ਦੀ ਇਸ ਘਾਲਣਾ ਦੇ ਸਿੱਟੇ ਵਜੋਂ 1922 ਤੋਂ ਸਿਆਸੀ ਕੈਦੀਆਂ ਦਾ ਅੰਡੇਮਾਨ ਭੇਜਣਾ ਬੰਦ ਕਰ ਦਿੱਤਾ ਗਿਆ।

## ਰਿਹਾਈਆਂ ਪਿੱਛੋਂ

ਲੰਮੀਆਂ ਕੈਦਾਂ ਕੱਟਣ ਪਿੱਛੋਂ ਸ਼ਾਇਦ ਹੀ ਕੋਈ ਗਦਰੀ ਚੈਨ ਨਾਲ ਘਰ ਬਠਾ ਹੋਵੇ। ਜੋ ਵੀ ਗੁਲਾਮੀ ਵਿਰੁਧ ਐਜ਼ੀਟੇਸ਼ਨ-ਲਹਿਰ ਹੋਵੇ, ਉਹਦੇ ਵਿੱਚ ਸ਼ਾਮਲ ਹੁੰਦੇ ਰਹੇ। ਜਿਸ ਵਿੱਚ ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਾਂਗਰਸ ਦੀਆਂ ਲਹਿਰਾਂ, ਕਿਸਾਨ ਮੋਰਚੇ, ਨੌਜਵਾਨ ਭਾਰਤ ਸਭਾ, ਕਿਰਤੀ ਪਾਰਟੀ ਸਾਰੇ ਮੋਰਚਿਆਂ 'ਤੇ ਮੂਹਰਲੀਆਂ ਸਫ਼ਾਂ ਵਿੱਚ ਹੋ ਕੇ ਲੜਦੇ ਰਹੇ।